Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 236 Monday, December 07, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਮਨਜ਼ੂਰੀ ਮਿਲਣ ਤੋਂ ਬਾਅਦ ਕੋਵਿਡ-19 ਵੈਕਸੀਨ ਦੀ ਕੈਨੇਡਾ ਵਿੱਚ ਨਹੀਂ ਹੋਣ ਦਿੱਤੀ ਜਾਵੇਗੀ ਘਾਟ : ਫੋਰਟਿਨ



ਓਟਵਾ, 6 ਦਸੰਬਰ (ਪੋਸਟ ਬਿਊਰੋ) : ਵੈਕਸੀਨ ਚੀਫ ਮੇਜਰ ਜਨਰਲ ਡੈਨੀ ਫੋਰਟਿਨ ਵੱਲੋਂ ਇਹ ਸਪਸ਼ਟ ਕੀਤਾ ਗਿਆ ਹੈ ਕਿ ਇੱਕ ਵਾਰੀ ਕੈਨੇਡਾ ਵਿੱਚ ਵਰਤੋਂ ਲਈ ਵੈਕਸੀਨਜ਼ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਦੇਸ਼ ਵਿੱਚ ਡੋਜ਼ਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ।

ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਵਿੱਚ ਲਾਜਿਸਟਿਕਸ ਅਤੇ ਆਪਰੇਸ਼ਨਜ਼ ਦੇ ਵਾਈਸ ਪ੍ਰੈਜ਼ੀਡੈਂਟ ਫੋਰਟਿਨ ਨੇ ਆਖਿਆ ਕਿ ਸਾਨੂੰ ਉਮੀਦ ਹੈ ਕਿ ਜਨਵਰੀ ਵਿੱਚ ਫਾਈਜ਼ਰ ਤੇ ਹੋਰ ਕੰਪਨੀਆਂ ਦੀਆਂ ਕੋਵਿਡ-19 ਸਬੰਧੀ ਵੈਕਸੀਨਜ਼ ਸਹਿਜੇ ਉਪਲਬਧ ਹੋਣਗੀਆਂ ਤੇ ਉਨ੍ਹਾਂ ਦੀ ਲਗਾਤਾਰ ਉਪਲਬਧਤਾ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਇਹ ਵੀ ਆਖਿਆ ਕਿ ਵੈਕਸੀਨ ਦੀ ਸਹੀ ਵੰਡ ਦਾ ਵੀ ਪੂਰਾ ਖਿਆਲ ਰੱਖਿਆ ਜਾਵੇਗਾ। ਫਿਰ ਵੈਕਸੀਨ ਦੀ ਦੂਜੀ ਡੋਜ਼ ਦੱਸੀ ਗਈ ਸਮਾਂ ਸੀਮਾਂ ਵਿੱਚ ਹਾਸਲ ਹੋ ਜਾਵੇਗੀ। ਇੱਕ ਇੰਟਰਵਿਊ ਵਿੱਚ ਫੋਰਟਿਨ ਨੇ ਆਖਿਆ ਕਿ ਵੈਕਸੀਨ ਦੀ ਪਹਿਲੀ ਖੇਪ ਨਵੇਂ ਸਾਲ ਦੇ ਸ਼ੁਰੂ ਵਿੱਚ ਹਾਸਲ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਆਖਿਆ ਕਿ ਅਸੀਂ ਜਨਵਰੀ ਤੋਂ ਸ਼ੁਰੂ ਕਰਕੇ ਹੀ ਵੈਕਸੀਨ ਦੀ ਵੰਡ ਦੀ ਯੋਜਨਾ ਉਲੀਕੀ ਹੈ। ਪਰ ਅਸੀਂ ਇਸ ਲਈ ਦਸੰਬਰ ਦੇ ਮੱਧ ਤੋਂ ਹੀ ਆਪਣੀ ਪੂਰੀ ਤਿਆਰੀ ਕਰ ਲਵਾਂਗੇ। ਉਨ੍ਹਾਂ ਦੱਸਿਆ ਕਿ ਇਸ ਲਈ ਫਾਈਜ਼ਰ ਦੀ ਵੈਕਸੀਨ ਦੀ ਵੰਡ ਦੇ ਸਬੰਧ ਵਿੱਚ ਸੋਮਵਾਰ ਨੂੰ "ਡਰਾਇ ਰਨ" ਵੀ ਕੀਤਾ ਜਾਵੇਗਾ। ਇਹ ਵੀ ਪੱਕਾ ਕੀਤਾ ਜਾਵੇਗਾ ਕਿ ਹੈਲਥ ਕੇਅਰ ਵਰਕਰਜ਼ ਨੂੰ ਇਸ ਪ੍ਰਕਿਰਿਆ ਨੂੰ ਪੂਰਾ ਕਰਨ ਵਿੱਚ ਕੋਈ ਦਿੱਕਤ ਨਾ ਆਵੇ। ਪਰ ਇਸ ਦੌਰਾਨ ਅਸਲ ਵਾਇਲਾਂ ਦੀ ਵਰਤੋਂ ਨਹੀਂ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਹੈਲਥ ਕੈਨੇਡਾ ਵੱਲੋਂ ਸੱਭ ਤੋਂ ਪਹਿਲਾਂ ਫਾਈਜ਼ਰ ਦੀ ਵੈਕਸੀਨ ਨੂੰ ਹੀ ਮਨਜ਼ੂਰੀ ਦਿੱਤੀ ਗਈ ਹੈ। ਇਸ ਵੈਕਸੀਨ ਨੂੰ ਸਹੇਜਣ ਲਈ ਮਨਫੀ 80 ਡਿਗਰੀ ਸੈਲਸੀਅਸ ਤਾਪਮਾਨ ਚਾਹੀਦਾ ਹੈ। ਇਸ ਲਈ ਘੱਟੋ ਘੱਟ 14 ਪ੍ਰੋਵਿੰਸਾਂ ਦੇ ਡਲਿਵਰੀ ਪੁਆਇੰਟਸ ਉੱਤੇ ਇਹ ਫਾਰਮਾਸਿਊਟੀਕਲ ਕੰਪਨੀ (ਫਾਈਜ਼ਰ) ਆਪ ਹੀ ਸਿੱਧੀ ਡਲਿਵਰੀ ਕਰੇਗੀ। ਇਸ ਤੋਂ ਬਾਅਦ ਉਨ੍ਹਾਂ ਥਾਂਵਾਂ ਉੱਤੇ ਡਲਿਵਰੀ ਕੀਤੀ ਜਾਵੇਗੀ ਜਿੱਥੇ ਪ੍ਰੋਵਿੰਸਾਂ ਵੱਲੋਂ ਥਾਂਵਾਂ ਨਿਰਧਾਰਤ ਕੀਤੀਆਂ ਗਈਆਂ ਹੋਣਗੀਆਂ।

ਫੋਰਟਿਨ ਨੇ ਆਖਿਆ ਕਿ ਕਿਸੇ ਤਰ੍ਹਾਂ ਦੀ ਵੇਸਟੇਜ ਤੋਂ ਬਚਣ ਲਈ ਖਾਸ ਲੋੜਾਂ ਵੱਲ ਸਾਡੇ ਵੱਲੋਂ ਪੂਰਾ ਧਿਆਨ ਦਿੱਤਾ ਜਾ ਰਿਹਾ ਹੈ। ਇਸ ਵਿੱਚ ਵੈਕਸੀਨ ਸਬੰਧੀ ਆਰਡਰ, ਉਸ ਦੀ ਵੰਡ ਤੇ ਅਲਟਰਾ ਕੋਲਡ ਫਰੀਜ਼ਰ ਇਨਸਟਾਲ ਕਰਨ ਤੇ ਨਾਲ ਨਾਲ ਡਰਾਈ ਆਈਸ ਦਾ ਪ੍ਰਬੰਧ ਕਰਨਾ ਵੀ ਸ਼ਾਮਲ ਹੈ, ਜਿਸ ਨਾਲ ਡੋਜ਼ਾਂ ਨੂੰ ਸਹੀ ਤਾਪਮਾਨ ਉੱਤੇ ਸਥਿਰ ਰੱਖਿਆ ਜਾ ਸਕੇ।

## ਲਾਂਗ ਟਰਮ ਕੇਅਰ ਦੇ 100 ਰੈਜ਼ੀਡੈਂਟਸ, 50 ਸਟਾਫ ਮੈਂਬਰ ਆਏ ਕੋਵਿਡ-19 ਪਾਜ਼ੀਟਿਵ



ਟੋਰਾਂਟੋ, 6 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਇੱਕ ਲਾਂਗ ਟਰਮ ਕੇਅਰ ਹੋਮ ਵਿੱਚ ਕੋਵਿਡ-19 ਆਊਟਬ੍ਰੇਕ ਤੋਂ ਬਾਅਦ ਇੱਥੋਂ ਦੇ 100 ਰੈਜ਼ੀਡੈਂਟਸ ਤੇ 50 ਸਟਾਫ ਮੈਂਬਰ ਕਰੋਨਾਵਾਇਰਸ ਪਾਜ਼ੀਟਿਵ ਪਾਏ ਗਏ ਹਨ।

ਰੈਕਸਡੇਲ ਵਿੱਚ ਆਲਬੀਅਨ ਰੋਡ ਉੱਤੇ ਸਥਿਤ ਵੈਸਟਸਾਈਡ ਲਾਂਗ ਟਰਮ ਕੇਅਰ ਹੋਮ ਦੇ ਆਪਰੇਟਰ ਰਿਵੇਰਾ ਨੇ ਦੱਸਿਆ ਕਿ 12 ਨਵੰਬਰ ਨੂੰ ਇਸ ਫੈਸਿਲਿਟੀ ਵਿੱਚ ਆਊਟਬ੍ਰੇਕ ਦੀ ਪੁਸ਼ਟੀ ਹੋਈ ਸੀ ਤੇ ਉਦੋਂ ਤੋਂ ਹੀ ਰੈਜ਼ੀਡੈਂਟਸ ਵਿੱਚੋਂ 117 ਦੇ ਪਾਜ਼ੀਟਿਵ ਆਉਣ ਤੇ ਸਟਾਫ ਵਿੱਚੋਂ 57 ਦੇ ਪਾਜ਼ੀਟਿਵ ਆਉਣ ਦੀ ਪੁਸ਼ਟੀ ਹੋਈ ਹੈ। ਰਿਵੇਰਾ ਵੱਲੋਂ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਗਈ ਕਿ ਆਊਟਬ੍ਰੇਕ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ 12 ਰੈਜ਼ੀਡੈਂਟਸ ਦੀ ਮੌਤ ਹੋ ਚੁੱਕੀ ਹੈ। ਆਪਰੇਟਰ ਨੇ ਆਖਿਆ ਕਿ ਇਸ ਸਮੇਂ ਇੱਥੇ ਰੈਜ਼ੀਡੈਂਟਸ ਦੇ 84 ਤੇ ਸਟਾਫ ਦੇ 49 ਐਕਟਿਵ ਕੇਸ ਹਨ। ਇਹ ਵੀ ਦੱਸਿਆ ਗਿਆ ਕਿ ਸਟਾਫ ਮੈਂਬਰ ਘਰਾਂ ਵਿੱਚ ਖੁਦ ਨੂੰ ਸੈਲਫ ਆਈਸੋਲੇਟ ਕਰ ਰਹੇ ਹਨ। ਕੰਪਨੀ ਨੇ ਇਹ ਵੀ ਦੱਸਿਆ ਕਿ ਹਰੇਕ ਸਿਫਟ ਦੇ ਸ਼ੁਰੂ ਹੋਣ ਤੇ ਮੁੱਕਣ ਉੱਤੇ ਸਾਰੇ ਸਟਾਫ ਮੈਂਬਰਾਂ ਦੀ ਸਕਰੀਨਿੰਗ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਆਊਟਬ੍ਰੇਕ ਸਬੰਧੀ ਸਾਰੀਆਂ ਪ੍ਰੋਟੋਕਾਲਜ਼ ਤੇ ਇਨਫੈਕਸ਼ਨ ਨੂੰ ਨਿਯੰਤਰਿਤ ਕਰਨ ਦੀਆਂ ਪ੍ਰੈਕਟਿਸਿਜ਼ ਨੂੰ ਵੀ ਪੂਰੀ ਤਰ੍ਹਾਂ ਅਮਲ ਵਿੱਚ ਲਿਆਂਦਾ ਜਾਂਦਾ ਹੈ।

## ਓਨਟਾਰੀਓ ਦੇ ਤਿੰਨ ਹੋਰ ਰੀਜਨਜ਼ ਵਿੱਚ ਅੱਜ ਤੋਂ ਕੱਸੀਆਂ ਜਾਣਗੀਆਂ ਕੋਵਿਡ-19 ਸਬੰਧੀ ਪਾਬੰਦੀਆਂ



ਟੋਰਾਂਟੋ, 6 ਦਸੰਬਰ (ਪੋਸਟ ਬਿਊਰੋ) : ਸੋਮਵਾਰ ਤੋਂ ਓਨਟਾਰੀਓ ਤਿੰਨ ਹੋਰ ਰੀਜਨਜ਼ ਵਿੱਚ ਕੋਵਿਡ-19 ਸਬੰਧੀ ਸਖ਼ਤ ਪਾਬੰਦੀਆਂ ਲਾਉਣ ਜਾ ਰਿਹਾ ਹੈ। ਇਸ ਦੌਰਾਨ ਇਨ੍ਹਾਂ ਪ੍ਰੋਵਿੰਸਾਂ ਦੇ ਕਾਰੋਬਾਰਾਂ ਤੇ ਰੈਜ਼ੀਡੈਂਟਸ ਉੱਤੇ ਪਾਬੰਦੀਆਂ ਹੋਰ ਕੱਸੀਆਂ ਜਾਣਗੀਆਂ।

ਸੋਮਵਾਰ ਤੋਂ ਮਿਡਲਸੈਕਸ-ਲੰਡਨ ਹੈਲਥ ਯੂਨਿਟ ਤੇ ਥੰਡਰ ਬੇਅ ਡਿਸਟ੍ਰਿਕਟ ਹੈਲਥ ਯੂਨਿਟ ਆਰੇਂਜ ਜ਼ੋਨ ਵਿੱਚ ਆ ਜਾਣਗੇ ਜਦਕਿ ਹੈਲੀਬਰਟਨ, ਕਵਾਰਥਾ, ਪਾਈਨ ਰਿੱਜ ਡਿਸਟ੍ਰਿਕਟ ਹੈਲਥ ਯੂਨਿਟ ਯੈਲੋ ਪ੍ਰੋਟੈਕਟ ਵਿੱਚ ਆਉਣਗੇ। ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਸ਼ੁੱਕਰਵਾਰ ਨੂੰ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਪਿਛਲੇ ਸੱਤ ਦਿਨਾਂ ਵਿੱਚ ਇਨ੍ਹਾਂ ਤਿੰਨ ਇਲਾਕਿਆਂ ਵਿੱਚ ਅਸੀਂ ਪਾਇਆ ਕਿ ਅਹਿਮ ਪਬਲਿਕ ਹੈਲਥ ਇੰਡੀਕੇਟਰਜ਼ ਦਾ ਰੁਝਾਨ ਗਲਤ ਦਿਸ਼ਾ ਵੱਲ ਜਾ ਰਿਹਾ ਹੈ। ਇਨ੍ਹਾਂ ਇਲਾਕਿਆਂ ਵਿੱਚ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਸਾਨੂੰ ਸਖ਼ਤ ਕਦਮ ਚੁੱਕਣੇ ਪੈਣਗੇ। ਓਨਟਾਰੀਓ ਵਾਸੀਆਂ ਦੀ ਸਿਹਤ ਸਾਡੇ ਲਈ ਮੁੱਖ ਤਰਜੀਹ ਹੈ।

ਲਾਕਡਾਊਨ ਵੱਲ ਵੱਧ ਰਹੇ ਯੌਰਕ ਰੀਜਨ ਨੂੰ ਹਾਲ ਦੀ ਘੜੀ ਇਸ ਪੱਧਰ ਉੱਤੇ ਨਹੀਂ ਲਿਆਂਦਾ ਜਾ ਰਿਹਾ। ਮੈਡੀਕਲ ਆਫੀਸਰ ਆਫ ਹੈਲਥ ਕਰੀਮ ਕੁਰਜ਼ੀ ਨੇ ਆਖਿਆ ਕਿ ਉਹ ਯੌਰਕ ਰੀਜਨ ਦੇ ਲਾਕਡਾਊਨ ਦੇ ਸਮਰਥਨ ਵਿੱਚ ਨਹੀਂ ਹਨ। ਬਾਕੀ ਦੀਆਂ ਹੈਲਥ ਯੂਨਿਟਸ ਆਪਣੇ ਮੌਜੂਦਾ ਪੱਧਰ ਉੱਤੇ ਹੀ ਰਹਿਣਗੀਆਂ, ਇਨ੍ਹਾਂ ਵਿੱਚ ਟੋਰਾਂਟੋ ਤੇ ਪੀਲ ਰੀਜਨ ਸ਼ਾਮਲ ਹਨ, ਜੋ ਕਿ ਲਾਕਡਾਊਨ ਵਿੱਚ ਹੀ ਰਹਿਣਗੇ।

## ਗੈਰਕਾਨੂੰਨੀ ਢੰਗ ਨਾਲ ਚਲਾਏ ਜਾ ਰਹੇ ਗੇਮਿੰਗ ਹਾਊਸ ਦਾ ਪੁਲਿਸ ਨੇ ਕੀਤਾ ਪਰਦਾਫਾਸ਼




ਟੋਰਾਂਟੋ, 6 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਵਿੱਚ ਯੌਰਕ ਵਿਖੇ ਕਥਿਤ ਤੌਰ ਉੱਤੇ ਗੈਰ ਕਾਨੂੰਨੀ ਢੰਗ ਨਾਲ ਚਲਾਏ ਜਾ ਰਹੇ ਇੱਕ ਗੇਮਿੰਗ ਹਾਊਸ ਦਾ ਪੁਲਿਸ ਵੱਲੋਂ ਪਰਦਾਫਾਸ਼ ਕੀਤਾ ਗਿਆ ਹੈ। ਇਸ ਦੌਰਾਨ ਕਈ ਵਿਅਕਤੀਆਂ ਨੂੰ ਚਾਰਜ ਵੀ ਕੀਤਾ ਗਿਆ।

ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 4 ਦਸੰਬਰ ਨੂੰ ਰਾਤੀਂ 8:45 ਉੱਤੇ ਪੁਲਿਸ ਤੇ ਬਾਇਲਾਅ ਅਧਿਕਾਰੀਆਂ ਵੱਲੋਂ ਲਾਰੈਂਸ ਐਵਨਿਊ ਵੈਸਟ ਤੇ ਮਾਰਲੀ ਐਵਨਿਊ ਏਰੀਆ ਵਿੱਚ ਸਥਿਤ ਇੱਕ ਸੋਸ਼ਲ ਕਲੱਬ ਉੱਤੇ ਛਾਪਾ ਮਾਰਿਆ ਗਿਆ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਪਾਇਆ ਕਿ ਬਿਲਡਿੰਗ ਵਿੱਚ ਮੌਜੂਦ 10 ਵਿਅਕਤੀਆਂ ਵੱਲੋਂ ਕੋਵਿਡ-19 ਸਬੰਧੀ ਰੀਓਪਨਿੰਗ ਓਨਟਾਰੀਓ ਐਕਟ ਸਬੰਧੀ ਲਾਈਆਂ ਗਈਆਂ ਪਾਬੰਦੀਆਂ ਦੀ ਉਲੰਘਣਾਂ ਕੀਤੀ ਜਾ ਰਹੀ ਸੀ।

ਸ਼ਨਿੱਚਰਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਪੁਲਿਸ ਨੇ ਆਖਿਆ ਕਿ ਅਧਿਕਾਰੀਆਂ ਨੂੰ ਬਿਲਡਿੰਗ ਵਿੱਚੋਂ 11 ਗੈਰਕਾਨੂੰਨੀ ਗੇਮਿੰਗ ਮਸ਼ੀਨਾਂ ਵੀ ਮਿਲੀਆਂ। ਜਾਂਚਕਾਰਾਂ ਨੇ ਦੱਸਿਆ ਕਿ ਇਸ ਬਿਲਡਿੰਗ ਦੇ ਮਾਲਕ ਟੋਰਾਂਟੋ ਵਾਸੀ 59 ਸਾਲਾ ਐਂਟੋਨੀਓ ਮਾਜ਼ੇਈ ਨੂੰ ਕਈ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਮਾਜ਼ਈ ਨੂੰ 29 ਜਨਵਰੀ, 2021 ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ।

## ਟਰੱਕ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ

ਸਕਾਰਬੌਰੋ, 6 ਦਸੰਬਰ (ਪੋਸਟ ਬਿਊਰੋ) : ਸਕਾਰਬੌਰੋ ਵਿੱਚ ਇੱਕ ਟਰੱਕ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਪੁਲਿਸ ਨੇ ਦੱਸਿਆ ਕਿ ਇਸ ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਜਦੋਂ ਉਹ ਮਾਰਖਮ ਰੋਡ ਤੇ ਫਿੰਚ ਐਵਨਿਊ ਪਹੁੰਚੇ ਤਾਂ ਇੱਕ ਵਿਅਕਤੀ ਸੜਕ ਉੱਤੇ ਬੇਸੁੱਧ ਪਿਆ ਸੀ। ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪਰ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਉੱਥੇ ਦਮ ਤੋੜ ਗਿਆ।

ਇਸ ਘਟਨਾ ਵਿੱਚ ਸ਼ਾਮਲ ਡਰਾਈਵਰ ਮੌਕੇ ਉੱਤੇ ਹੀ ਬਣਿਆ ਰਿਹਾ। ਜਾਂਚ ਲਈ ਮਾਰਖਮ ਰੋਡ ਨੂੰ ਫਿੰਚ ਤੇ ਨਗੇਟ ਐਵਨਿਊ ਦਰਮਿਆਨ ਬੰਦ ਕੀਤਾ ਗਿਆ ਹੈ।

Best Insurance Rates
Auto ▪ Home ▪ Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

ALL KINDS OF IMMIGRATION SERVICES
iccrc crcic
416-278-4449
World Gateway Immigration Company since 2010
Get PR, if you are on
- Work permit (LMIA based)
- Open work permit
- Religious work permit
- Visitor in Canada
ZORA KAINTH Director, Member of ICCRC, Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
☆ Best INR Rate
☆ Fastest Service
☆ 24x7 Service
☆ Secure Transaction
☆ Special Business Account
Send - Exchange - Receive
Toll Free: 1833 823 5439 | 647 783 0049

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਟਰੰਪ ਨੇ ਜਾਰਜੀਆ ਨੂੰ ਜਿੱਤਣ ਦਾ ਝੂਠਾ ਦਾਅਵਾ ਫਿਰ ਕਰ ਦਿੱਤਾ

### * ਚੋਣ ਵਿੱਚ ਹੇਰਾਫੇਰੀ ਦਾ ਦੋਸ਼ ਵੀ ਫਿਰ ਦੁਹਰਾਇਆ



ਵਾਸ਼ਿੰਗਟਨ, 6 ਦਸੰਬਰ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਵਿਚ ਹੋਈ ਰਾਸ਼ਟਰਪਤੀ ਚੋਣ ਵਿਚ ਜਾਰਜੀਆ ਵਿਚ ਜਿੱਤਣ ਦਾ ਝੂਠਾ ਦਾਅਵਾ ਇੱਕ ਵਾਰ ਫਿਰ ਕਰ ਦਿੱਤਾ ਹੈ। ਟਰੰਪ ਨੇ ਰਿਪਬਲਿਕਨ ਸੈਨੇਟਰਾਂ ਕੇਲੀ ਲੋਏਫਲਰ ਤੇ ਡੇਵਿਡ ਪਰਡਿਊ ਲਈ ਜਾਰਜੀਆ ਵਿਚ ਪ੍ਰਚਾਰ ਕਰਦੇ ਹੋਏ ਕਿਹਾ ਕਿ ਰਾਸ਼ਟਰਪਤੀ ਅਹੁਦੇ ਦੀ ਚੋਣ ਵਿਚ ਉਨ੍ਹਾਂ ਨੇ ਇਸ ਰਾਜ ਵਿੱਚ ਜਿੱਤ ਹਾਸਲ ਕੀਤੀ ਹੈ। ਇਸ ਦੌਰਾਨ ਟਰੰਪ ਨੇ ਜੋਅ ਬਾਇਡਨ ਦੇ ਉਸ ਫ਼ੈਸਲੇ ਦੀ ਵੀ ਆਲੋਚਨਾ ਕੀਤੀ, ਜਿਸ ਵਿਚ ਉਨ੍ਹਾਂ ਨੇ ਪੈਰਿਸ ਵਾਤਾਵਰਣ ਸਮਝੌਤੇ ਨਾਲ ਫਿਰ ਜੁੜਨ ਦੀ ਗੱਲ ਕਹੀ ਹੈ। ਟਰੰਪ ਨੇ ਕਿਹਾ ਹੈ ਕਿ ਜੋਅ ਬਾਇਡਨ ਦੇ ਇਸ ਫੈਸਲੇ ਨਾਲ ਚੀਨ ਤੇ ਰੂਸ ਨੂੰ ਫ਼ਾਇਦਾ ਹੋਵੇਗਾ।

ਡੋਨਾਲਡ ਟਰੰਪ ਨੇ ਰਾਸ਼ਟਰਪਤੀ ਅਹੁਦੇ ਦੀ ਚੋਣ ਪਿੱਛੋਂ ਹੋਈ ਇਸ ਪਹਿਲੀ ਰੈਲੀ ਵਿਚ ਕਿਹਾ ਕਿ ਸਾਨੂੰ ਪਤਾ ਹੈ ਕਿ ਅਸੀਂ ਜਾਰਜੀਆ ਤੋਂ ਜਿੱਤ ਗਏ ਹਾਂ, ਇਹ ਗੱਲ ਤੁਸੀਂ ਜਾਣਦੇ ਹੋ। ਉਨ੍ਹਾ ਕਿਹਾ ਕਿ ਉਹ ਦੋਵਾਂ ਰਿਪਬਲਿਕਨ ਨੇਤਾਵਾਂ ਦੀ ਜਿੱਤ ਯਕੀਨੀ ਕਰਨ ਲਈ ਇੱਥੇ ਆਏ ਹਨ, ਜੋ ਅਮਰੀਕਾ ਦੇ ਇਤਿਹਾਸ ਦਾ ਸੈਨੇਟ ਲਈ ਸ਼ਾਇਦ ਸਭ ਤੋਂ ਮਹੱਤਵ ਪੂਰਨ ਮੁਕਾਬਲਾ ਹੈ। ਵਰਨਣ ਯੋਗ ਹੈ ਕਿ ਗਿਣਤੀ ਵਿਚ ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਇਡਨ ਨੇ ਕਰੀਬ 12,500 ਵੋਟਾਂ ਦੇ ਫਰਕ ਨਾਲ ਜਾਰਜੀਆ ਵਿਚ ਚੋਣ ਜਿੱਤ ਲਈ ਸੀ।

ਟਰੰਪ ਤੋਂ ਪਹਿਲਾਂ ਫਸਟ ਲੇਡੀ ਮੇਲਾਨੀਆ ਟਰੰਪ ਨੇ ਰੈਲੀ ਦੇ ਸ਼ੁਰੂ ਵਿਚ ਜਾਰਜੀਆ ਦੇ ਲੋਕਾਂ ਨੂੰ ਕਿਹਾ ਕਿ ਇਸ ਸਮੇਂ ਇਹ ਸਭ ਤੋਂਵੱਧ ਮਹੱਤਵ ਪੂਰਨ ਹੈ ਕਿ ਤੁਸੀਂ ਨਾਗਰਿਕ ਵਜੋਂ ਆਪਣੇ ਅਧਿਕਾਰਾਂ ਦੀ ਵਰਤੋਂ ਕਰੋ ਤੇ ਵੋਟਾਂ ਪਾਉ। ਜਾਰਜੀਆ ਵਿਚ ਇਕ ਸੀਨੀਅਰ ਅਧਿਕਾਰੀ ਨੇ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਕਿ ਰੈਲੀ ਤੋਂ ਪਹਿਲਾਂ ਟਰੰਪ ਨੇ ਜਾਰਜੀਆ ਦੇ ਗਵਰਨਰ ਨੂੰ ਸ਼ਨਿਚਰਵਾਰ ਫੋਨ ਕਰ ਕੇ ਸੂਬੇ ਵਿਚ ਰਾਸ਼ਟਰਪਤੀ ਅਹੁਦੇ ਦੀ ਚੋਣ ਦਾ ਨਤੀਜਾ ਪਲਟਣ ਲਈ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣ ਦੀ ਅਪੀਲ ਕੀਤੀ ਸੀ, ਪਰ ਗਵਰਨਰ ਬ੍ਰਿਯਾਨ ਕੈਂਪ ਨੇ ਇਸ ਅਪੀਲ ਨੂੰ ਠੁਕਰਾ ਦਿੱਤਾ ਹੈ। ਟਰੰਪ ਨੇ ਜਾਰਜੀਆ ਵਿਚ ਰੈਲੀ ਨੂੰ ਸੰਬੋਧਨ ਕਰਦੇ ਹੋਏ ਫਿਰ ਕਿਹਾ ਹੈ ਕਿ ਰਾਸ਼ਟਰਪਤੀ ਚੋਣ ਵਿਚ ਉਨ੍ਹਾਂ ਦੇ ਡੈਮੋਕ੍ਰੇਟਿਕ ਵਿਰੋਧੀ ਜੋਅ ਬਾਇਡਨ ਦੇ ਪੱਖ ਵਿਚ ਹੇਰਾਫੇਰੀ ਹੋਈ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਚੋਣ ਵਿਚ ਬਾਇਡਨ ਨੇ ਹੇਰਾਫੇਰੀ ਕੀਤੀ ਅਤੇ ਉਹ ਇਸ ਸੈਨੇਟ ਚੋਣ ਵਿਚ ਵੀ ਹੇਰਾਫੇਰੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

# ਚੀਨ ਚੰਦ ਉੱਤੇ ਝੰਡਾ ਲਹਿਰਾਉਣ ਵਾਲਾ ਦੁਨੀਆ ਦਾ ਦੂਸਰਾ ਦੇਸ਼ ਬਣਿਆ

### * 51 ਸਾਲ ਬਾਅਦ ਮੁੜ ਕੇ ਇਤਿਹਾਸ ਰਚਿਆ ਗਿਆ





ਬੀਜਿੰਗ, 6 ਦਸੰਬਰ, (ਪੋਸਟ ਬਿਊਰੋ)- ਚੀਨ ਨੇ ਚੰਦ ਦੀ ਸਤ੍ਹਾ ਉੱਤੇ ਆਪਣਾ ਝੰਡਾ ਲਾ ਕੇ ਇੱਕ ਨਵਾਂ ਇਤਿਹਾਸ ਰਚ ਦਿੱਤਾ ਹੈ। ਅਜਿਹਾ ਕਰਨ ਵਾਲਾ ਅਮਰੀਕਾ ਤੋਂ ਬਾਅਦ ਚੀਨ ਦੁਨੀਆ ਦਾ ਦੂਸਰਾ ਦੇਸ਼ ਬਣ ਗਿਆ ਹੈ।

ਵਰਨਣ ਯੋਗ ਹੈ ਕਿ ਜੁਲਾਈ 1969 ਵਿੱਚ ਅਮਰੀਕਾ ਦੇ ਅਪੋਲੋ-11 ਮਿਸ਼ਨ ਦੌਰਾਨ ਨੀਲ ਆਰਮਸਟ੍ਰਾਂਗ ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੇ ਚੰਦ ਦੀ ਧਰਤੀ ਉੱਤੇ ਕਦਮ ਰੱਖਿਆ ਸੀ ਅਤੇ ਇਸ ਤੋਂ ਬਾਅਦ ਐਲਡਰਿਨ ਓਥੇ ਉਤਰੇ ਸਨ। ਇਸ ਮਿਸ਼ਨ ਵਿੱਚ ਹੀ ਚੰਦ ਉੱਤੇ ਅਮਰੀਕੀ ਝੰਡਾ ਗੱਡਿ-ਆ ਗਿਆ ਸੀ। ਚੀਨ ਨੇ ਚੰਦ ਉੱਤੇ ਆਪਣਾ ਝੰਡਾ ਲਾਉਣ ਨਾਲ ਇਸ ਇਤਿਹਾਸ ਨੂੰ ਦੁਹਰਾਉਣ ਦਾ ਫ਼ੈਸਲਾ ਕੀਤਾ ਸੀ। ਉਸ ਦਾ ਇਹ ਝੰਡਾ 90 ਸੈਂਟੀਮੀਟਰ ਲੰਬਾ ਤੇ ਇਕ ਕਿੱਲੋ ਭਾਰਾ ਹੈ। ਇਸ ਨੂੰ ਫੈਬ੍ਰਿਕ ਨਾਲ ਬਣਾਇਆ ਗਿਆ ਹੈ। ਇਸ ਦਾ ਕਾਰਨ ਇਹ ਕਿ ਚੰਦ ਦਾ ਠੰਢਾ ਤਾਪਮਾਨ ਹੈ। ਅਮਰੀਕਾ ਦਾ 1969 ਵਿੱਚ ਚੰਦਰਮਾ ਉੱਤੇ ਭੇਜਿਆ ਗਿਆ ਮਿਸ਼ਨ 'ਮੈਨ ਮਿਸ਼ਨ' ਸੀ। ਚੀਨ ਦਾ ਤਾਜ਼ਾ ਮਿਸ਼ਨ ਅਸਲ ਵਿੱਚ'ਅਨ-ਮੈਨ ਮਿਸ਼ਨ' ਹੈ। ਇਸ ਪੱਖੋਂ ਇਹ ਕਾਫੀ ਖ਼ਾਸ ਹੈ। ਇਸ ਮਿਸ਼ਨ ਦੌਰਾਨ ਦੂਸਰੀ ਵਾਰ ਚੰਦਰਮਾਤੋਂ ਕੁਝ ਲਿਆਂਦਾ ਜਾ ਰਿਹਾ ਹੈ। ਇਹ ਕਾਰਨਾਮਾ ਚੀਨ ਦੇ ਸਪੇਸਕ੍ਰਾਫਟ ਚਾਂਗ-5 ਨੇ ਕੀਤਾ ਹੈ। ਆਰਮਸਟ੍ਰਾਂਗ ਦੇ ਮਿਸ਼ਨ ਵੇਲੇ ਉਹ ਆਪਣੇ ਨਾਲ ਚੀਨ ਦੀ ਮਿੱਟੀ ਲੈ ਕੇ ਆਏ ਸਨ। ਚੀਨ ਦੇ ਮਿਸ਼ਨ ਤਹਿਤ ਯਾਨ ਨੇ ਚੰਦ ਦੀ ਧਰਤੀ ਤੋਂ ਸੈਂਪਲ ਇਕੱਠੇ ਕੀਤੇ ਹਨ। ਚੀਨ ਦੀ ਸਪੇਸ ਏਜੰਸੀ ਨੇ ਇਸ ਦੀ ਤਸਵੀਰ ਜਾਰੀ ਕੀਤੀ ਹੈ।

ਆਪਣੇ ਯਾਨ ਦਾ ਨਾਂ ਚੀਨ ਨੇ ਚੰਦ ਦੀ ਦੇਵੀ ਦੇ ਨਾਂ ਉੱਤੇ ਰੱਖਿਆ ਦੱਸਿਆ ਜਾਂਦਾ ਹੈ। ਚਾਈਨੀਜ਼ ਨੈਸ਼ਨਲ ਸਪੇਸ ਐਡਮਿਨਿਸਟ੍ਰੇਸ਼ਨ ਨੇ ਇਹ ਜਾਣਕਾਰੀ ਦਿੱਤੀ ਹੈ। ਇਸ ਤੋਂ ਪਹਿਲਾਂ ਚੀਨ ਨੇ ਚਾਂਗ-3 ਅਤੇ ਚਾਂਗ-4 ਨੂੰ ਵੀ ਮੂਨ-ਮਿਸ਼ਨ ਵਜੋਂ ਭੇਜਿਆ ਸੀ। ਸਪੇਸ ਏਜੰਸੀ ਵੱਲੋਂ ਜਾਰੀ ਕੀਤੀਆਂ ਤਸਵੀਰਾਂ ਵਿੱਚ ਲੈਂਡਰ ਨਾਲ ਅਸੈਂਡਰ ਨੂੰ ਵੱਖ ਹੁੰਦੇ ਦਿਖਾਇਆ ਗਿਆ ਹੈ। ਬਾਅਦ ਵਿੱਚ ਯਾਨ ਵਿੱਚ ਲੱਗੇ ਝੰਡੇ ਨੂੰ ਆਟੋਮੈਟਿਕ ਤਰੀਕੇ ਨਾਲ ਲਾਇਆ ਗਿਆ ਹੈ।

# ਯੂ ਐਨ ਸੈਕਟਰੀ ਜਨਰਲ ਵੱਲੋਂ ਭਾਰਤ ਵਿਚਲੇ ਕਿਸਾਨ ਅੰਦੋਲਨ ਦੀ ਹਮਾਇਤ

### * ਲੋਕਾਂ ਨੂੰ ਸ਼ਾਂਤਮਈ ਵਿਖਾਵੇ ਕਰਨ ਦਾ ਅਧਿਕਾਰ: ਗੁਤਾਰੇਸ
### * ਬ੍ਰਿਟੇਨ ਦੇ 36 ਐੱਮ ਪੀਜ਼ ਵੱਲੋਂ ਭਾਰਤ ਵਿਰੁੱਧ ਪੱਤਰ



ਜੈਨੇਵਾ, 6 ਦਸੰਬਰ, (ਪੋਸਟ ਬਿਊਰੋ)- ਯੂ ਐੱਨ ਓ ਦੇ ਸੈਕਟਰੀ ਜਨਰਲ ਐਂਤੋਨੀਓ ਗੁਤਾਰੇਸ ਨੇ ਭਾਰਤ ਵਿਚ ਕਿਸਾਨਾਂ ਦੇ ਸੰਘਰਸ਼ ਬਾਰੇ ਅੱਜ ਸ਼ਨੀਵਾਰ ਕਿਹਾ ਕਿ ਲੋਕਾਂ ਨੂੰ ਸ਼ਾਂਤਮਈ ਢੰਗ ਨਾਲ ਵਿਖਾਵੇ ਦਾ ਅਧਿਕਾਰ ਹੈ ਤੇ ਅਧਿਕਾਰੀਆਂ ਨੂੰ ਅਜਿਹੇ ਵਿਖਾਵੇ ਕਰਨ ਦੇ ਲਈ ਆਗਿਆ ਦੇਣੀ ਚਾਹੀਦੀ ਹੈ। ਭਾਰਤ ਸਰਕਾਰ ਨੇ ਕਿਸਾਨਾਂ ਦੇ ਵਿਖਾਵਿਆਂ ਬਾਰੇ ਵਿਦੇਸ਼ੀ ਆਗੂਆਂ ਦੀਆਂ ਟਿੱਪਣੀਆਂ ਨੂੰ ਭੁਲੇਖਾ-ਪਾਊ ਅਤੇ ਗੈਰ-ਜ਼ਰੂਰੀ ਦੱਸਿਆ ਤੇ ਨਾਲ ਇਹ ਵੀ ਆਖਿਆ ਹੈ ਕਿ ਇਹ ਇਕ ਲੋਕਰਾਜੀ ਦੇਸ਼ ਦੇ ਅੰਦਰੂਨੀ ਮਾਮਲਿਆਂ ਨਾਲ ਜੁੜਿਆ ਵਿਸ਼ਾ ਹੈ।

ਅੱਜ ਏਥੇ ਯੂ ਐੱਨ ਸੈਕਟਰੀ ਜਨਰਲ ਐਂਤੋਨੀਓ ਗੁਤਾਰੇਸ ਦੇ ਇਕ ਬੁਲਾਰੇ ਸਟੀਫਨ ਦੁਜਾਰਿਕ ਨੇ ਆਖਿਆ ਕਿ ਜਿੱਥੋਂ ਤੱਕ ਭਾਰਤ ਦਾ ਸਵਾਲ ਹੈ, ਮੈਂ ਇਹ ਹੀ ਕਹਿਣਾ ਚਾਹੁੰਦਾ ਹਾਂ ਕਿ ਲੋਕਾਂ ਨੂੰ ਸ਼ਾਂਤਮਈ ਢੰਗ ਨਾਲ ਵਿਖਾਵੇ ਕਰਨ ਦਾ ਅਧਿਕਾਰ ਹੈ ਅਤੇ ਅਧਿਕਾਰੀਆਂ ਨੂੰ ਲੋਕਾਂ ਨੂੰ ਅਜਿਹੇ ਵਿਖਾਵੇ ਕਰਨ ਤੋਂ ਰੋਕਣਾ ਨਹੀਂ ਚਾਹੀਦਾ।

ਵਰਨਣ ਯੋਗ ਹੈ ਕਿ ਭਾਰਤ ਦੇ ਵਿਦੇਸ਼ ਮੰਤਰਾਲਾ ਦੇ ਬੁਲਾਰੇ ਅਨੁਰਾਗ ਸ਼੍ਰੀਵਾਸਤਵ ਨੇ ਦੂਸਰੇ ਦੇਸ਼ਾਂ ਦੇ ਆਗੂਆਂ ਦੀਆਂ ਟਿੱਪਣੀਆਂ ਬਾਰੇ ਦੋ ਦਿਨ ਪਹਿਲਾਂ ਕਿਹਾ ਸੀ ਕਿ ਅਸੀਂ ਭਾਰਤ ਦੇ ਕਿਸਾਨਾਂ ਬਾਰੇ ਕੁਝ ਅਜਿਹੀਆਂ ਟਿੱਪਣੀਆਂ ਨੂੰ ਦੇਖਿਆ ਹੈ, ਜੋ ਭੁਲੇਖਾ-ਪਾਊ ਸੂਚਨਾਵਾਂ ਉੱਤੇ ਅਧਾਰਤ ਤੇ ਬੇਲੋੜੀਆਂ ਹਨ। ਭਾਰਤ ਵਰਗੇ ਲੋਕਰਾਜੀ ਦੇਸ਼ ਦੇ ਅੰਦਰੂਨੀ ਮਾਮਲਿਆਂ ਨਾਲ ਸਬੰਧਤ ਅਜਿਹੀਆਂ ਟਿੱਪਣੀਆਂ ਹੋਰ ਵੀ ਬੇਲੋੜੀਆਂ ਹੋ ਜਾਂਦੀਆਂ ਹਨ।

ਇਸ ਦੌਰਾਨ ਭਾਰਤ ਸਰਕਾਰ ਦੇ ਖੇਤੀ ਕਾਨੂੰਨਾਂ ਦੇ ਖਿਲਾਫ ਚੱਲ ਰਹੇ ਕਿਸਾਨ ਅੰਦੋਲਨ ਦੀ ਗੂੰਜ ਅੱਜ ਬ੍ਰਿਟੇਨ ਦੀ ਪਾਰਲੀਮੈਂਟ ਵਿਚ ਵੀ ਸੁਣਾਈ ਦਿੱਤੀ। ਬ੍ਰਿਟੇਨ ਦੇ ਕਰੀਬ ਤਿੰਨ ਦਰਜਨ ਪਾਰਲੀਮੈਂਟਮੈਂਬਰਾਂ ਨੇ ਯੂ ਐੱਨ ਨੂੰ ਇੱਕ ਪੱਤਰ ਲਿਖ ਕੇ ਭਾਰਤ ਸਰਕਾਰ ਉਤੇ ਦਬਾਅ ਬਣਾਉਣ ਨੂੰ ਕਿਹਾ ਹੈ।ਇਨ੍ਹਾਂ ਪਾਰਲੀਮੈਂਟਮੈਂਬਰਾਂ ਦੀ ਅਗਵਾਈ ਲੇਬਰ ਪਾਰਟੀ ਦੇ ਐੱਮ ਪੀ ਤਨਮਨਜੀਤ ਸਿੰਘ ਢੇਸੀ ਕਰ ਰਹੇ ਹਨ। ਇਨ੍ਹਾਂ ਮੈਂਬਰਾਂ ਨੇ ਪੱਤਰ ਵਿੱਚ ਇਹ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੂੰ ਪੰਜਾਬ ਦੇ ਕਿਸਾਨਾਂ ਦੇ ਹੱਕ ਵਿੱਚ ਭਾਰਤ ਸਰਕਾਰ ਨਾਲ ਗੱਲ ਕਰਨੀ ਚਾਹੀਦੀ ਹੈ। ਲੇਬਰ ਪਾਰਟੀ ਦੇ ਪਾਰਲੀਮੈਂਟਮੈਂਬਰ ਤਨਮਨਜੀਤ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਕੋਰੋਨਾ ਮਹਾਂਮਾਰੀ ਦੇ ਬਾਵਜੂਦ ਖੇਤੀ ਕਾਨੂੰਨ ਲਾਗੂ ਕਰਨ ਉੱਤੇ ਤੁਲੀ ਹੋਈ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਮਹੀਨੇ ਬਹੁਤ ਸਾਰੇ ਬ੍ਰਿਟਿਸ਼ ਪਾਰਲੀਮੈਂਟਮੈਂਬਰਾਂ ਨੇ ਲੰਡਨ ਵਿਚਲੇ ਭਾਰਤੀ ਹਾਈ ਕਮਿਸ਼ਨ ਨੂੰ ਪੱਤਰ ਲਿਖਿਆ ਤੇ ਕਿਹਾ ਸੀ ਕਿ ਕਿਸਾਨਾਂ ਦੀ ਲੁੱਟ ਲਈ ਤਿੰਨ ਨਵੇਂ ਬਿੱਲ ਲਾਗੂ ਕੀਤੇ ਜਾ ਰਹੇ ਹਨ। ਇਸ ਤੋਂ ਪਹਿਲਾਂ ਤਨਮਨਜੀਤ ਸਿੰਘ ਨੇ ਨਵੇਂ ਕਾਨੂੰਨਾਂ ਬਾਰੇ 28 ਨਵੰਬਰ ਨੂੰ ਜਦੋਂ ਪਹਿਲੀ ਮੀਟਿੰਗ ਕੀਤੀ ਤਾਂ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਬ੍ਰਿਟਿਸ਼ ਸਿੱਖਸ ਦੀ ਵਰਚੁਅਲ ਮੀਟਿੰਗ ਦੌਰਾਨ 14 ਪਾਰਲੀਮੈਂਟਮੈਂਬਰਾਂ ਨੇ ਹਿੱਸਾ ਲਿਆ ਸੀ ਤੇ 60 ਪਾਰਲੀਮੈਂਟਮੈਂਬਰਾਂ ਨੇ ਇਸ ਵਿਚ ਸ਼ਾਮਲ ਨਾ ਹੋਣ ਦੀ ਮੁਆਫੀ ਮੰਗੀ ਸੀ।ਇਸ ਬੈਠਕ ਵਿਚ ਬ੍ਰਿਟਿਸ਼ ਸਰਕਾਰ ਤੋਂ ਇਸ ਕਾਨੂੰਨ ਬਾਰੇ ਭਾਰਤ ਸਰਕਾਰ ਨਾਲ ਗੱਲਬਾਤ ਦੀ ਮੰਗ ਕੀਤੀ ਗਈ ਸੀ।

## ਹਰਭਜਨ ਮਾਨ ਵੱਲੋਂ ਸ਼੍ਰੋਮਣੀ ਗਾਇਕ ਐਵਾਰਡ ਲੈਣ ਤੋਂ ਨਾਂਹ

ਬਠਿੰਡਾ, 6 ਦਸੰਬਰ (ਪੋਸਟ ਬਿਊਰੋ)- ਪੰਜਾਬੀ ਗਾਇਕ ਹਰਭਜਨ ਮਾਨ ਨੇ ਕੱਲ੍ਹ ਭਾਸ਼ਾ ਵਿਭਾਗ ਪੰਜਾਬ ਵੱਲੋਂ ਉਸ ਨੂੰ ਦਿੱਤਾ ਗਿਆ ਸ਼੍ਰੋਮਣੀ ਪੰਜਾਬੀ ਗਾਇਕ ਵਾਲਾ ਐਵਾਰਡ ਲੈਣ ਤੋਂ ਇਨਕਾਰ ਕਰ ਦਿੱਤਾ ਹੈ।

ਕੱਲ੍ਹ ਹਰਭਜਨ ਮਾਨ ਨੇ ਆਪਣੇ ਫੇਸਬੁੱਕ ਪੇਜ ਉੱਤੇ ਸ਼੍ਰੋਮਣੀ ਪੁਰਸਕਾਰ ਕਮੇਟੀ ਦਾ ਧੰਨਵਾਦ ਕਰਦਿਆਂ ਲਿਖਿਆ ਕਿ ਉਹ ਉਨ੍ਹਾਂ ਲੋਕਾਂ ਦਾ ਧੰਨਵਾਦੀ ਹੈ,ਜਿਨ੍ਹਾਂਨੇ ਉਸ ਨੂੰ ਇਸ ਪੁਰਸਕਾਰ ਲਈ ਚੁਣਿਆ ਹੈ। ਉਨ੍ਹਾਂ ਕਿਹਾ ਕਿ ਉਹ ਜਿਸ ਮੁਕਾਮ ਉੱਤੇ ਪੁੱਜਿਆ ਹਾਂ, ਉਹ ਕਿਸਾਨਾਂ, ਮਾਂ ਬੋਲੀ ਪੰਜਾਬੀ ਅਤੇ ਸਮੂਹ ਪੰਜਾਬੀਅਤ ਦੀ ਬਦੌਲਤ ਹੈ। ਕਿਸਾਨ ਪਰਵਾਰ ਵਿੱਚ ਜਨਮ ਲੈਣ ਕਾਰਨ ਉਸਦਾ ਰੋਮ-ਰੋਮ ਕਿਸਾਨੀ ਦਾ ਕਰਜ਼ਾਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਅੰਨਦਾਤਾ ਸੜਕਾਂ ਤੇ ਕਿਸਾਨਾਂ ਦੇ ਹੱਕ ਖੋਹਣ ਵਾਲਿਆਂ ਤੋਂ ਇਨਸਾਫ਼ ਮੰਗਦਾ ਪਿਆ ਹੈ ਤਾਂ ਉਸ ਨੂੰ ਸ਼੍ਰੋਮਣੀ ਐਵਾਰਡ ਹਾਸਲ ਕਰਦਾ ਸੋਭਦਾ ਨਹੀਂ। ਜੈ ਕਿਸਾਨ ਸੰਘਰਸ਼, ਜੀਵੇ ਮੇਰੀ ਮਾਂ ਬੋਲੀ ਅਤੇ ਧਰਤੀ।

ਦੂਸਰੇ ਪਾਸੇ ਕੇਂਦਰ ਸਰਕਾਰ ਦੇ ਅੜੀਅਲ ਰਵੱਈਏ ਦੇ ਵਿਰੋਧ ਵਿੱਚ ਖਡੂਰ ਸਾਹਿਬ ਦੇ ਕਾਰ ਸੇਵਾ ਵਾਲੇ ਬਾਬਾ ਸੇਵਾ ਸਿੰਘ ਨੇ ਆਪਣਾ ਪਦਮਸ਼੍ਰੀ ਸਨਮਾਨ ਰਾਸ਼ਟਰਪਤੀ ਨੂੰ ਵਾਪਸ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਸਬੰਧੀ ਉਨ੍ਹਾਂਕੱਲ੍ਹ ਰਾਸ਼ਟਰਪਤੀ ਨੂੰ ਪੱਤਰ ਭੇਜ ਕੇ ਕਿਹਾ, 'ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ ਸੰਘਰਸ਼ ਲਈ ਮਜ਼ਬੂਰ ਕਰਨ ਅਤੇ ਸੰਘਰਸ਼ ਕਰਦੇ ਕਿਸਾਨਾਂ ਉਪਰ ਜ਼ੁਲਮ ਕਰਨ ਦੇ ਵਰਤਾਰੇ ਸਬੰਧੀ ਵੇਦਨਾ ਪ੍ਰਗਟ ਕਰਦਾ ਹੋਇਆ ਸਰਕਾਰ ਵੱਲੋਂ ਦਿੱਤਾ ਪਦਮ ਸ੍ਰੀ ਐਵਾਰਡ ਵਾਪਸ ਕਰ ਰਿਹਾ ਹਾਂ।' ਇਸ ਤੋਂ ਪਹਿਲਾਂ ਕਈ ਹੋਰ ਲੋਕ ਵੀ ਐਵਾਰਡ ਵਾਪਸ ਕਰ ਚੁੱਕੇ ਹਨ।

# ਅਕਾਲੀ ਦਲ ਆਪਣੇ ਡੁੱਬਦੇ ਜਹਾਜ਼ ਨੂੰ ਬਚਾਉਣ ਲਈ ਘਾਬਰਿਆ ਪਿਐ: ਕੈਪਟਨ ਅਮਰਿੰਦਰ

ਚੰਡੀਗੜ੍ਹ, 6 ਦਸੰਬਰ, (ਪੋਸਟ ਬਿਊਰੋ)-ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਏਥੇ ਅਕਾਲੀ ਦਲ ਦੇਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਉਨ੍ਹਾਂ ਦੇ ਖਿਲਾਫ ਲਾਏ ਤਾਜ਼ਾ ਦੋਸ਼ਾਂ ਨੂੰ ਸਿਰਫ ਤਮਾਸ਼ਾ ਤੇ ਝੂਠ ਕਰਾਰ ਦਿੰਦਿਆਂ ਕਿਹਾ ਕਿ ਈ ਡੀ ਦਾ ਕੋਈ ਕੇਸ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਲਈ ਲੜਨ ਤੋਂ ਰੋਕ ਨਹੀਂ ਸਕਦਾ ਤੇ ਨਾ ਹੀ ਉਹ ਕਿਸਾਨਾਂ ਦੇ ਮਾਮਲਿਆਂਲਈ ਬਾਦਲਾਂ ਵਾਂਗ ਰੀੜ੍ਹ ਦੀ ਹੱਡੀ ਤੋਂ ਸੱਖਣੇ ਅਤੇ ਗੱਦਾਰ ਹਨ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸੁਖਬੀਰ ਸਿੰਘ ਬਾਦਲਵਲੋਂ ਉਨ੍ਹਾਂ ਦੇ ਪਰਿਵਾਰ ਦੇ ਖਿਲਾਫ ਈ ਡੀ ਦੇ ਕੇਸਾਂ ਬਾਰੇ ਟਿੱਪਣੀਆਂਦੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਬਾਦਲ ਕਿਸਾਨਾਂ ਨਾਲ ਧੋਖਾ ਕਰਨ ਦੇ ਨਾਲ ਬਿਲਕੁਲ ਅਲੱਗ-ਥਲੱਗ ਹੋ ਗਏ ਹਨ ਤੇ ਨਿਰਾਸ਼ਾ ਵਿੱਚ ਆਪਣੇ ਡੁੱਬਦੇ ਜਹਾਜ਼ ਨੂੰ ਬਚਾਉਣ ਦੀ ਘਬਰਾਹਟ ਵਿੱਚ ਹਨ। ਉਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਦੇ ਇਨ੍ਹਾਂ ਦੋਸ਼ਾਂ ਨੂੰ ਗਲਤ ਦੱਸਿਆ ਕਿ ਉਨ੍ਹਾਂ ਨੇ ਕੇਂਦਰ ਅੱਗੇ ਸਰੰਡਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਪੰਜਾਬ ਤੇ ਦੇਸ਼ ਨੂੰ ਪਾਕਿਸਤਾਨ ਵਲੋਂ ਖਤਰੇ ਨੂੰ ਅਣਡਿੱਠ ਕਰ ਰਹੇ ਹਨ।

ਈ ਡੀ ਵਾਲੇ ਕੇਸਾਂ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਨੂੰ ਪੁੱਛਿਆ ਕਿ ਸਾਡੇ ਪਰਿਵਾਰ ਦੇ ਖਿਲਾਫ ਈ ਡੀ ਕੇਸਾਂ ਵਿਚ ਨਵਾਂ ਕੀ ਹੈ, ਜਿਸ ਤੋਂ ਅਸੀਂ ਘਬਰਾਵਾਂਗੇ। ਉਨ੍ਹਾਂ ਕਿਹਾ ਕਿ ਉਹ ਖੁਦ ਤੇ ਉਨ੍ਹਾਂ ਦਾ ਪਰਿਵਾਰ ਕਈ ਸਾਲਾਂ ਤੋਂਈ ਡੀ ਅਤੇ ਹੋਰ ਕੇਸ ਲੜ ਰਹੇ ਹਨ। ਅਕਾਲੀ ਦਲ ਦੇ ਪ੍ਰਧਾਨ ਵਲੋਂ ਲਾਏ ਇਨ੍ਹਾਂ ਦੋਸ਼ਾਂ ਕਿ ਕੈਪਟਨ ਅਮਰਿੰਦਰ ਸਿੰਘ ਨੇ ਭਾਜਪਾ ਦੀ ਬਲੈਕਮੇਲ ਅੱਗੇ ਸਰੰਡਰ ਕਰ ਦਿੱਤਾ ਹੈ, ਦੇ ਜਵਾਬ ਵਿੱਚਅਮਰਿੰਦਰ ਸਿੰਘ ਨੇ ਕਿਹਾ ਕਿ 'ਕੀ ਤੁਹਾਨੂੰ ਬਲੈਕਮੇਲ ਦਾ ਮਤਲਬ ਪਤਾ ਹੈ? ਇਹ ਤੁਸੀਂ ਤੇ ਤੁਹਾਡੀ ਪਾਰਟੀ ਸੀ, ਜਿਸ ਨੇ ਭਾਜਪਾ ਦੇ ਹਿੱਤਾਂ ਸਾਹਮਣੇ ਗੋਡੇ ਟੇਕੇ ਤੇ ਕਈ ਸਾਲ ਉਨ੍ਹਾਂ ਦਾ ਦਾਬਾ ਝੱਲਿਆ ਸੀ।' ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਤੇ ਅਕਾਲੀਆਂ ਨੂੰ ਲੋਕਾਂ ਨੂੰ ਗੁੰਮਰਾਹ ਕਰਨਾ ਅਤੇ ਝੂਠ ਬੋਲਣਾ ਬੰਦ ਕਰਨਾ ਚਾਹੀਦਾ ਹੈ, ਉਨ੍ਹਾਂ ਦੀਆਂ ਝੂਠੀਆਂ ਗੱਲਾਂ ਨੂੰ ਲੋਕ ਗੰਭੀਰਤਾ ਨਾਲ ਨਹੀਂ ਲੈਂਦੇ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਵਿਚ ਪੰਜਾਬ ਸਰਕਾਰ ਦੇ ਸੋਧ ਬਿੱਲਾਂ ਦਾ ਸਮਰਥਨ ਕਰ ਦੇਣਤੋਂ ਬਾਅਦ ਅਕਾਲੀ ਦਲ ਨੇ ਯੂ-ਟਰਨ ਲੈ ਲਿਆ ਸੀ, ਸੁਖਬੀਰ ਸਿੰਘ ਇਹ ਦੱਸਣ ਕਿ ਓਦੋਂ ਉਨ੍ਹਾਂ ਨੇ ਕਿਸ ਦੇ ਅੱਗੇ ਗੋਡੇ ਟੇਕੇ ਸਨ। ਉਨ੍ਹਾਂ ਕਿਹਾ ਕਿ ਕਿਸਾਨ ਇਸ ਗੱਲ ਨੂੰ ਅਜੇ ਤੱਕਨਹੀਂ ਭੁੱਲੇ ਕਿ ਕੈਬਨਿਟ ਦੀ ਜਿਸ ਬੈਠਕ ਵਿਚ ਖੇਤੀ ਕਾਨੂੰਨਾਂ ਨੂੰ ਪਾਸ ਕੀਤਾ ਗਿਆ, ਉਸ ਵਿਚ ਹਰਸਿਮਰਤ ਕੌਰ ਬਾਦਲ ਵੀ ਮੰਤਰੀ ਵਜੋਂ ਮੌਜੂਦ ਸੀ।

# ਭੈਣਾਂ ਨਾਲ ਮਿਲ ਕੇ ਔਰਤ ਵੱਲੋਂ ਪਤੀ ਦਾ ਕਤਲ

ਬੁੱਲ੍ਹੋਵਾਲ, 6 ਦਸੰਬਰ (ਪੋਸਟ ਬਿਊਰੋ)- ਥਾਣਾ ਬੁੱਲ੍ਹੋਵਾਲ ਵਿੱਚ ਪਿੰਡ ਕੋਟਲਾ ਨੌਧ ਸਿੰਘ ਦੀ ਇੱਕ ਔਰਤ ਨੇ ਆਪਣੀਆਂ ਭੈਣਾਂ ਨਾਲ ਮਿਲ ਕੇ ਆਪਣੇ ਪਤੀ ਨੂੰ ਕਾਰ ਵਿੱਚ ਅੱਗ ਲਾ ਕੇ ਮਾਰ ਦੇਣ ਦਾ ਕੇਸ ਦਰਜ ਕੀਤਾ ਗਿਆ ਹੈ।

ਪਤਾ ਲੱਗਾ ਹੈ ਕਿ ਮ੍ਰਿਤਕ ਸੋਮ ਸਿੰਘ ਪੁੱਤਰ ਚੰਨਣ ਸਿੰਘ ਪਿੰਡ ਨਾਗਰਾ ਥਾਣਾ ਦਸੂਹਾ ਦਾ ਵਿਆਹ ਜਸਪ੍ਰੀਤ ਕੌਰ ਪੁੱਤਰੀ ਜਗਤਾਰ ਸਿੰਘ ਵਾਸੀ ਕੋਟਲਾ ਨੌਧ ਸਿੰਘ ਨਾਲ 20 ਸਾਲ ਪਹਿਲਾਂ ਹੋਇਆ ਸੀ ਤੇ ਸੋਮ ਸਿੰਘ ਘਰ ਜਵਾਈ ਵਜੋਂ ਪਿੰਡ ਕੋਟਲੇ ਹੀ ਰਹਿ ਰਿਹਾ ਸੀ। ਥਾਣਾ ਬੁੱਲ੍ਹੇਵਾਲ ਵਿੱਚ ਲਿਖਾਈ ਰਿਪੋਰਟ ਵਿੱਚ ਮ੍ਰਿਤਕ ਦੇ ਭਰਾ ਸਤਨਾਮ ਸਿੰਘ ਪੁੱਤਰ ਚੰਨਣ ਸਿੰਘ ਨੇ ਕਿਹਾ ਕਿ ਕੱਲ੍ਹ ਰਾਤ ਸਾਨੂੰ ਜਸਪ੍ਰੀਤ ਕੌਰ ਦਾ ਫ਼ੋਨ ਆਇਆ ਕਿ ਤੁਹਾਡਾ ਭਰਾ ਸਾਨੂੰ ਕੁੱਟਦਾ ਹੈ, ਇਸ ਨੂੰ ਸਮਝਾਓ, ਪਰ ਦੇਰ ਰਾਤ ਇਨ੍ਹਾਂ ਮੇਰੇ ਭਰਾ ਨੂੰ ਮਾਰ ਕੇ ਕਾਰ ਵਿੱਚ ਰੱਖ ਕੇ ਅੱਗ ਲਾ ਦਿੱਤੀ। ਇਸ ਬਾਰੇ ਗੁਰਪ੍ਰੀਤ ਸਿੰਘ ਐਸ ਆਈ ਨੇ ਦੱਸਿਆ ਕਿ ਜਸਪ੍ਰੀਤ ਕੌਰ, ਸੁਨੀਤ ਕੌਰ ਤੇ ਪੁਨੀਤ ਕੌਰ ਤਿੰਨਾਂ ਭੈਣਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family



MacroGlobal Immigration Services Ltd.

Seema Bhayana

iccrc



Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com



Paramjit Deol
Broker

CELL: 416-993-7378

7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated

Tel:905-405-8484

www.paramjitdeol.com

Email: pdeol3@yahoo.ca

"Your neighborhood broker, Call Paramjit Deol Today"

**Mississauga $749,000**




**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**




**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**



**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**




**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**

Photo Not Available

**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**



**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**

Photo Not Available

**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**

Photo Not Available

**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**

Photo Not Available

**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**



**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**



**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available

**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**



**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**



**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**



**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**



**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

## ਅੱਜ ਨਾਮਾ

ਭੜਕੀ ਲਹਿਰ ਹੈ ਭਾਰਤ ਦੇ ਵਿੱਚ ਭਾਰੀ,
ਦਿੱਤਾ ਦਿੱਲੀ ਦਾ ਰੋਕ ਹਰ ਰਾਹ ਮਿੱਤਰ।
ਹਰ ਇੱਕ ਚੀਜ਼ ਜ਼ਰੂਰੀ ਹੈ ਥੁੜਨ ਲੱਗੀ,
ਕੰਮ-ਕਾਜ਼ ਨੂੰ ਲੱਗੀ ਪਈ ਢਾਹ ਮਿੱਤਰ।
ਜਾਣਾ ਕਿੰਨੀ ਆਹ ਦੂਰ ਸੰਘਰਸ਼ ਭਾਈ,
ਇਹਦੀ ਕਿਸੇ ਨੂੰ ਨਹੀਂ ਹੈ ਥਾਹ ਮਿੱਤਰ।
ਦਬਕੇ-ਬਾਜ਼ਾਂ ਦੀ ਬੋਲਤੀ ਬੰਦ ਹੋ ਗਈ,
ਚੱਲਦੀ ਮਾਸਾ ਨਾ ਜਾਪਦੀ ਵਾਹ ਮਿੱਤਰ।
ਇੱਦਾਂ ਰਹੀ ਇਹ ਅੜੀ ਸਰਕਾਰ ਜੇਕਰ,
ਅਮਨ ਕਾਇਮ ਨਾ ਹੋਣਾ ਹੈ ਰੱਖ ਮਿੱਤਰ।
ਜ਼ਰਾ ਜਿੰਨੀ ਵੀ ਲਚਕ ਜੇ ਦੇਊਗੀ ਇਹ,
ਰਹਿਣਾ ਅਕਸ ਦੇ ਪੱਲੇ ਨਾ ਕੱਖ ਮਿੱਤਰ।

**ਤੀਸ ਮਾਰ ਖਾਂ**

# ਕਿਸਾਨ ਸੰਘਰਸ਼ ਨੂੰ ਹੁਲਾਰਾ: ਭਾਰਤ ਦੀਆਂ ਕਈ ਸਿਆਸੀ ਪਾਰਟੀਆਂ ਨੇ 8 ਦਸੰਬਰ ਦੇ 'ਬੰਦ' ਦੀ ਹਮਾਇਤ ਕੀਤੀ

### * ਟਰੇਡ ਯੂਨੀਅਨਾਂ ਵੀ 'ਬੰਦ' ਦੀ ਹਮਾਇਤ ਵਿੱਚ ਆਈਆਂ

ਨਵੀਂ ਦਿੱਲੀ, 6 ਦਸੰਬਰ, (ਪੋਸਟ ਬਿਊਰੋ)- ਭਾਰਤ ਵਿੱਚ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਹੇ ਕਿਸਾਨ ਅੰਦੋਲਨ ਨੂੰ ਉਸ ਵੇਲੇ ਵੱਡਾ ਹੁਲਾਰਾ ਮਿਲਿਆ,ਜਦੋਂ ਕਈ ਸਿਆਸੀ ਪਾਰਟੀਆਂ ਕਿਸਾਨਾਂ ਦੇ ਅੱਠ ਦਸੰਬਰ ਨੂੰ 'ਭਾਰਤ ਬੰਦ' ਦੇ ਸੱਦੇ ਦੀ ਹਮਾਇਤ ਵਿੱਚ ਆ ਗਈਆਂ। ਇਸ ਤੋਂ ਪਹਿਲਾਂ ਵਪਾਰੀਆਂ ਤੇ ਮੁਲਾਜ਼ਮਾਂ ਦੇ ਕਈ ਸੰਗਠਨਾਂ ਦੇ ਨਾਲ ਟਰਾਂਸਪੋਰਟਰ ਜਥੇਬੰਦੀਆਂ ਨੇ ਬੰਦ ਦੀ ਹਮਾਇਤ ਦਾ ਐਲਾਨ ਕੀਤਾ ਤੇ ਟਰੇਡ ਯੂਨੀਅਨਾਂ ਵੀ ਕਿਸਾਨਾਂ ਦੀ ਹਮਾਇਤ ਵਿੱਚ ਆ ਗਈਆਂ ਹਨ। ਇਸ ਤੋਂ ਬਾਅਦ ਅੱਜ ਕਈ ਸਿਆਸੀ ਪਾਰਟੀਆਂ ਨੇ ਵੀ 'ਬੰਦ' ਦੀ ਹਮਾਇਤ ਦਾ ਐਲਾਨ ਕੀਤਾ ਹੈ।



ਵਰਨਣ ਯੋਗ ਹੈ ਕਿ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਤਿੰਨ ਵਿਵਾਦਤ ਖੇਤੀਬਾੜੀ ਕਾਨੂੰਨਾਂ ਦੇ ਵਿਰੋਧ ਵਿੱਚ 8 ਦਸੰਬਰ ਨੂੰ ਕਿਸਾਨ ਜੱਥੇਬੰਦੀਆਂ 'ਭਾਰਤ ਬੰਦ' ਦਾ ਸੱਦਾ ਦਿੱਤਾ ਹੋਇਆ ਹੈ। ਉਨ੍ਹਾਂ ਦੇ ਸੱਦੇ ਦੀ ਹਮਾਇਤ ਅੱਜ ਦੇਸ਼ ਦੀਆਂ 10 ਟਰੇਡ ਯੂਨੀਅਨਾਂ ਨੇ ਵੀ ਕਰ ਦਿੱਤੀ ਹੈ ਤੇ ਕਈ ਰਾਜਨੀਤਕ ਪਾਰਟੀਆਂ ਵੀ ਕਿਸਾਨਾਂ ਦੀ ਹਮਾਇਤ ਵਿੱਚ ਖੁੱਲ੍ਹ ਕੇ ਸਾਹਮਣੇ ਆ ਗਈਆਂ ਹਨ, ਜਿਨ੍ਹਾਂ ਵਿੱਚ ਖੱਬੇ ਪੱਖੀ ਧਿਰਾਂ ਅਤੇ ਕਾਂਗਰਸ ਵੀ ਸ਼ਾਮਲ ਹਨ।

ਅੱਜ ਤੇਲੰਗਾਨਾ ਦੀ ਸੱਤਾਧਾਰੀ ਪਾਰਟੀ ਤੇਲੰਗਾਨਾ ਰਾਸ਼ਟਰੀ ਸਮਿਤੀ (ਟੀਆਰਐੱਸ) ਨੇ ਖੁੱਲ੍ਹ ਕੇ ਕਿਸਾਨਾਂ ਦੇ ਭਾਰਤ ਬੰਦ ਦਾ ਸਮਰਥਨ ਕਰ ਦਿੱਤਾ ਹੈ। ਤੇਲੰਗਾਨਾ ਦੇ ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਨੇ ਕਿਹਾ ਕਿ ਟੀਆਰਐੱਸ ਪਾਰਟੀ ਦੇ ਵਰਕਰ ਇਸ ਭਾਰਤ ਬੰਦ ਵਿੱਚ ਖੁੱਲ੍ਹ ਕੇ ਸ਼ਾਮਲ ਹੋਣਗੇ। ਬਿਹਾਰ ਵਿੱਚ ਰਾਸ਼ਟਰੀ ਜਨਤਾ ਦਲ ਦੇ ਪ੍ਰਧਾਨ ਤੇ ਵਿਰੋਧੀ ਧਿਰ ਦੇ ਆਗੂ ਤੇਜੱਸਵੀ ਯਾਦਵ ਦੀ ਅਗਵਾਈ ਹੇਠ ਵਿਰੋਧੀ ਧਿਰਾਂ ਨੇ ਕਿਸਾਨਾਂ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਅਤੇ 8 ਦਸੰਬਰ ਨੂੰ ਕਿਸਾਨਾਂ ਦੇ ਭਾਰਤ ਬੰਦ ਦੇ ਸੱਦੇ ਨੂੰ ਹਮਾਇਤ ਦੇ ਦਿੱਤੀ ਹੈ। ਤਾਮਿਲ ਨਾਡੂ ਵਿੱਚੋਂ ਡੀਐਮਕੇ ਪਾਰਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੇਨਤੀ ਕੀਤੀ ਹੈ ਕਿ ਉਹ ਅੰਦੋਲਨ ਕਰ ਰਹੇ ਕਿਸਾਨਾਂ ਨਾਲ ਖੁਦ ਗੱਲਬਾਤ ਕਰਕੇ ਵਿਵਾਦ ਵਾਲਾ ਖੇਤੀਬਾੜੀ ਕਾਨੂੰਨ ਵਾਪਸ ਲੈਣ। ਡੀਐਮਕੇ ਪਾਰਟੀ ਦੇ ਮੁਖੀ ਐੱਮ ਕੇ ਸਟਾਲਿਨ ਨੇ ਇਸ ਮੌਕੇ ਆਪਣੀ ਪਾਰਟੀ ਵੱਲੋਂ ਭਾਰਤ ਬੰਦ ਦੀ ਹਮਾਇਤ ਦਾ ਐਲਾਨ ਵੀ ਕੀਤਾ ਹੈ। ਕਾਂਗਰਸ ਪਾਰਟੀ ਦੇ ਬੁਲਾਰੇ ਰਣਦੀਪ ਸੁਰਜੇਵਾਲਾ ਨੇ '8 ਦਸੰਬਰ ਭਾਰਤ ਬੰਦ' ਦੇ ਹੈਸ਼ਟੈਗ ਨਾਲ ਟਵੀਟ ਕੀਤਾ ਹੈ ਕਿ 'ਆਪਣੀ ਕਲਮ ਚੁੱਕੋ, ਅੰਨ-ਦਾਤੇ ਤੋਂ ਮੁਆਫ਼ੀ ਮੰਗੋ ਤੇ ਤੁਰੰਤ ਕਾਲੇ ਕਾਨੂੰਨਾਂ ਉੱਤੇ ਲੀਕ ਫੇਰੋ।' ਇਸ ਮੌਕੇਖੱਬੇ ਪੱਖੀ ਪਾਰਟੀਆਂ ਨੇ ਵੀ ਕਿਸਾਨ ਜਥੇਬੰਦੀਆਂ ਦੇ 8 ਦਸੰਬਰ ਦੇ ਭਾਰਤ ਬੰਦ ਦੇ ਸੱਦੇ ਨੂੰ ਹਮਾਇਤਦੇ ਦਿੱਤੀ ਹੈ। ਸੀਪੀਐਮ, ਸੀਪੀਆਈ, ਸੀਪੀਆਈ (ਐਮ-ਐਲ), ਆਰਐਸਪੀ ਅਤੇ ਆਲ ਇੰਡੀਆ ਫਾਰਵਰਡ ਬਲਾਕ ਨੇ ਸਾਂਝਾ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਉਹ ਕਿਸਾਨ ਜਥੇਬੰਦੀਆਂ ਵੱਲੋਂ ਨਵੇਂ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਚਲਾਏ ਅੰਦੋਲਨ ਦੀ ਪੂਰੀ ਹਮਾਇਤ ਕਰਦੇ ਹਨ। ਉਨ੍ਹਾਂ ਨੇ ਆਰਐਸ ਐਸ ਅਤੇ ਭਾਜਪਾ ਵੱਲੋਂ ਅੰਨ-ਦਾਤੇ ਕਿਸਾਨ ਦੇ ਖ਼ਿਲਾਫ਼ ਕੀਤੇ ਜਾ ਰਹੇ ਕੂੜ ਪ੍ਰਚਾਰ ਦੀ ਵੀ ਨਿਖੇਧੀ ਕੀਤੀ ਤੇ ਕਿਸਾਨਾਂ ਨੂੰ ਹਮਾਇਤ ਦੇਣ ਵਾਲੀਆਂ ਸਭ ਸਿਆਸੀ ਪਾਰਟੀਆਂ ਅਤੇ ਹੋਰ ਤਾਕਤਾਂ ਨੂੰ ਅਪੀਲ ਕੀਤੀ ਹੈ ਕਿ ਉਹ 8 ਦਸੰਬਰ ਦੇ ਸਫਲ ਭਾਰਤ ਬੰਦ ਲਈ ਕਿਸਾਨਾਂ ਦਾ ਸਾਥ ਦੇਣ।

ਆਮ ਆਦਮੀ ਪਾਰਟੀ ਨੇ 8 ਦਸੰਬਰ ਦੇ ਭਾਰਤ ਬੰਦ ਲਈ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਇਸ ਪਾਰਟੀ ਦੇ ਦਿੱਲੀ ਪ੍ਰਦੇਸ਼ ਦੇ ਕਨਵੀਨਰ ਗੋਪਾਲ ਰਾਏ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪਾਰਟੀ ਲੀਡਰਸ਼ਿਪ ਤੇ ਵਰਕਰਾਂ ਨੂੰ ਦਿੱਲੀ ਅਤੇ ਸਾਰੇ ਭਾਰਤ ਵਿੱਚ ਕਿਸਾਨਾਂ ਦੀ ਹਮਾਇਤ ਕਰਨ ਦਾ ਸੱਦਾ ਦਿੱਤਾ ਹੈ। ਇਸ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਖੁਦ ਟਵੀਟ ਕੀਤਾ, 'ਆਮ ਆਦਮੀ ਪਾਰਟੀ 8 ਦਸੰਬਰ ਨੂੰ ਕਿਸਾਨਾਂ ਵੱਲੋਂਭਾਰਤ ਬੰਦ ਦੇ ਸੱਦੇ ਦਾ ਪੂਰਾ ਸਮੱਰਥਨ ਕਰਦੀ ਹੈ। ਸਾਰੇ ਦੇਸ਼ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ ਸ਼ਾਂਤਮਈ ਢੰਗ ਨਾਲ ਇਸ ਦਾ ਸਮੱਰਥਨ ਕਰਨਗੇ। ਸਾਰੇ ਭਾਰਤ ਵਾਸੀਆਂ ਨੂੰ ਅਪੀਲ ਹੈ ਕਿ ਕਿਸਾਨਾਂ ਦਾ ਸਮਰਥਨ ਹਰ ਕੋਈ ਕਰੇ ਤੇ ਇਸ ਵਿੱਚ ਹਿੱਸਾ ਲਵੇ।' ਏਸੇ ਤਰ੍ਹਾਂ ਕਈ ਹੋਰ ਪਾਰਟੀਆਂ ਨੇ ਹਮਾਇਤ ਦਾ ਐਲਾਨ ਕੀਤਾ ਹੈ।

ਕਿਸਾਨ ਜਥੇਬੰਦੀਆਂ ਦੇ 8 ਦਸੰਬਰ ਨੂੰ ਭਾਰਤ ਬੰਦ ਦੇ ਸੱਦੇ ਦਾ ਦਸ ਕੇਂਦਰੀ ਟ੍ਰੇਡ ਯੂਨੀਅਨਾਂ ਦੇ ਸਾਂਝੇ ਮੰਚ ਨੇ ਵੀ ਸਮੱਰਥਨ ਕੀਤਾ ਹੈ। ਇਨ੍ਹਾਂ ਟਰੇਡ ਯੂਨੀਅਨਾਂ ਨੇ ਪਿਛਲੇ ਦਿਨੀਂ ਪਾਸ ਹੋਏ ਖੇਤੀ ਕਾਨੂੰਨਾਂ ਵਿਰੁੱਧ ਬੀਤੇ 26 ਨਵੰਬਰ ਨੂੰ ਇੱਕ ਦੇਸ਼ ਵਿਆਪੀ ਹੜਤਾਲ ਕੀਤੀ ਸੀ। ਅੱਜ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਕੇਂਦਰੀ ਵਪਾਰ ਸੰਗਠਨਾਂ ਤੇ ਆਜ਼ਾਦ ਖੇਤਰੀ ਸੰਗਠਨਾਂ ਦੇ ਸਾਂਝੇ ਮੰਚ ਨੇ ਖੇਤੀ ਕਾਨੂੰਨ ਵਿਰੁੱਧਕਿਸਾਨਾਂ ਦੇ ਸੰਘਰਸ਼ਾਂ ਦਾ ਸਾਥਦਿੱਤਾ ਹੈ।ਇਨ੍ਹਾਂ ਕੇਂਦਰੀ ਯੂਨੀਅਨਾਂ ਵਿਚ ਇੰਡੀਅਨ ਨੈਸ਼ਨਲ ਟ੍ਰੇਡ ਯੂਨੀਅਨ ਕਾਂਗਰਸ, ਆਲ ਇੰਡੀਆ ਟ੍ਰੇਡ ਯੂਨੀਅਨ ਕਾਂਗਰਸ, ਹਿੰਦ ਮਜ਼ਦੂਰ ਸਭਾ, ਸੈਂਟਰ ਫਾਰ ਇੰਡੀਅਨ ਟ੍ਰੇਡ ਯੂਨੀਅਨਸ, ਆਲ ਇੰਡੀਆ ਯੂਨਾਈਟਿਡ ਟ੍ਰੇਡ ਯੂਨੀਅਨ ਸੈਂਟਰ, ਟ੍ਰੇਡ ਯੂਨੀਅਨ ਕੋਆਰਡੀਨੈਸ਼ਨ ਸੈਂਟਰ, ਸੈਲਫ ਇੰਪਲਾਈਡ ਵੂਮੈਨਸ ਐਸੋਸੀਏਸ਼ਨ, ਆਲ ਇੰਡੀਆ ਸੈਂਟਰਲ ਕੌਂਸਲ ਆਫ ਟ੍ਰੇਡ ਯੂਨੀਅਨਸ, ਲੇਬਰ ਪ੍ਰੋਗ੍ਰੇਸਿਵ ਫੈਡਰੇਸ਼ਨ ਅਤੇ ਯੂਨਾਇਟੇਡ ਟ੍ਰੇਡ ਯੂਨੀਅਨ ਕਾਂਗਰਸ ਸ਼ਾਮਲ ਹਨ।

## ਸਰਕਾਰ ਨੇ ਸੰਘਰਸ਼ ਧਰਨੇ ਵਿੱਚੋਂ ਬਜ਼ੁਰਗ ਤੇ ਔਰਤਾਂ ਨੂੰ ਵਾਪਸ ਭੇਜਣ ਦੀ ਅਪੀਲ ਕੀਤੀ



ਨਵੀਂ ਦਿੱਲੀ, 6 ਦਸੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫਕਿਸਾਨਾਂ ਦੇ ਅੰਦੋਲਨ ਦੇ 10ਵੇਂ ਦਿਨ ਕੇਂਦਰ ਸਰਕਾਰ ਨੇ ਕਿਸਾਨ ਆਗੂਆਂ ਨੂੰ ਅਪੀਲ ਕੀਤੀ ਕਿ ਅੰਦੋਲਨ ਵਿੱਚ ਆਏ ਹੋਏ ਬਜ਼ੁਰਗਾਂ, ਔਰਤਾਂ ਅਤੇ ਬੱਚਿਆਂ ਨੂੰ ਵਾਪਸ ਆਪਣੇ ਘਰੋ-ਘਰੀ ਭੇਜ ਦਿੱਤਾ ਜਾਵੇ। ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਅੱਜ ਬੈਠਕ ਦੇ ਦੌਰਾਨ ਵੀ ਕਿਸਾਨਾਂ ਨੂੰ ਇਸ ਬਾਰੇ ਅਪੀਲ ਕੀਤੀ, ਪਰ ਇਹ ਮੰਨੀ ਨਹੀਂ ਗਈ।

ਅੱਜ ਦਿੱਲੀ ਵਿੱਚ ਪੰਜਵੇਂ ਦੌਰ ਦੀ ਬੈਠਕ ਤੋਂ ਬਾਅਦ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ, 'ਮੈਂ ਕਿਸਾਨਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਆਪਣਾ ਅੰਦੋਲਨ ਛੱਡ ਦੇਣ ਤਾਂ ਕਿ ਉਨ੍ਹਾਂ ਨੂੰ ਠੰਡ ਦੇ ਮੌਸਮ ਵਿੱਚ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।' ਤੋਮਰ ਨੇ ਵਿਗਿਆਨ ਭਵਨ ਵਿੱਚ ਮੀਡੀਆ ਨਾਲ ਗੱਲਬਾਤ ਵੇਲੇ ਆਖਿਆ ਕਿ 'ਠੰਢ ਦੇ ਮੌਸਮ ਅਤੇ ਕੋਵਿਡ-19 ਦੀ ਮਹਾਮਾਰੀ ਨੂੰ ਦੇਖ ਕੇ ਮੈਂ ਕਿਸਾਨ ਆਗੂਆਂ ਨੂੰ ਸੀਨੀਅਰ ਨਾਗਰਿਕਾਂ, ਔਰਤਾਂ ਅਤੇ ਬੱਚਿਆਂ ਨੂੰ ਦਿੱਲੀ ਦੇ ਬਾਹਰ ਧਰਨੇ ਵਾਲੇ ਸਥਾਨਾਂ ਤੋਂ ਘਰਾਂ ਨੂੰ ਭੇਜਣ ਦੀ ਅਪੀਲ ਕੀਤੀ ਹੈ।' ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਦਿੱਲੀ ਦੀਆਂ ਸਰਹੱਦਾਂ ਉੱਤੇ ਵਿਰੋਧ ਪ੍ਰਦਰਸ਼ਨ ਦੇ ਨਾਲ ਦਿੱਲੀ ਦੇ ਨਾਗਰਿਕਾਂ ਨੂੰ ਵੀ ਪ੍ਰੇਸ਼ਾਨੀ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ। ਤੋਮਰ ਨੇ ਕਿਸਾਨਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਉੱਤੇ ਵਿਸ਼ਵਾਸ ਰੱਖਣ ਦੀ ਅਪੀਲ ਕਰਦੇ ਹੋਏ ਕਿਹਾ ਕਿ'ਜੋ ਵੀ ਕੀਤਾ ਜਾਵੇਗਾ, ਕਿਸਾਨਾਂ ਦੇ ਹਿੱਤ ਵਿੱ-ਚਹੋਵੇਗਾ।' ਇਸ ਮੌਕੇਉਨ੍ਹਾਂ ਨੇ ਅਨੁਸ਼ਾਸਨ ਬਣਾਏ ਰੱਖਣ ਲਈ ਕਿਸਾਨ ਆਗੂਆਂ ਦਾ ਧੰਨਵਾਦ ਵੀ ਕੀਤਾ ਤੇ ਕਿਹਾ, 'ਅੱਜ ਗੱਲਬਾਤ ਪੂਰੀ ਨਹੀਂ ਹੋ ਸਕੀ, ਅਸੀਂ 9 ਦਸੰਬਰ ਨੂੰ ਇੱਕ ਹੋਰ ਬੈਠਕ ਲਈ ਕਿਸਾਨ ਆਗੂਆਂ ਨੂੰ ਬੁਲਾਇਆ ਹੈ।'

ਦੂਸਰੇ ਪਾਸੇ ਕਿਸਾਨ ਅੰਦੋਲਨ ਕਾਰਨ ਦਿੱਲੀ-ਐੱਨ ਸੀ ਆਰ (ਨੈਸ਼ਨਲ ਕੈਪੀਟਲ ਰੀਜਨ) ਵਿੱਚ ਆਵਾਜਾਈ ਦਾ ਸਾਰਾ ਪ੍ਰਬੰਧ ਹਿੱਲ ਗਿਆ ਅਤੇ ਸਭ ਰਸਤੇ ਬੰਦ ਹਨ। ਜਿਹੜੇ ਕੁਝ ਰਾਹਾਂ ਉੱਤੇ ਥੋੜ੍ਹੀ-ਬਹੁਤ ਆਵਾਜਾਈ ਕਰਨ ਦੀ ਛੋਟ ਹੈ, ਓਥੇ ਬਹੁਤ ਜ਼ਿਆਦਾ ਲੰਮਾ ਜਾਮ ਲੱਗ ਗਿਆ ਹੈ। ਇਸ ਬਾਰੇ ਦਿੱਲੀ ਟ੍ਰੈਫਿਕ ਪੁਲਸ ਨੇ ਐਡਵਾਈਜ਼ਰੀ ਜਾਰੀ ਕੀਤੀ ਤੇ ਜਾਮ ਅਤੇ ਪ੍ਰਦਰਸ਼ਨ ਕਾਰਨ ਕਈ ਰਸਤਿਆਂ ਉੱਤੇ ਟ੍ਰੈਫਿਕ ਰੂਟ ਡਾਈਵਰਟ ਕਰ ਦਿੱਤਾ ਹੈ।ਨੈਸ਼ਨਲ ਹਾਈਵੇ ਨੰਬਰ 44 ਦੋਵਾਂ ਪਾਸਿਆਂ ਤੋਂ ਪੂਰੀ ਤਰ੍ਹਾਂ ਬੰਦ ਹੈ ਅਤੇ ਪੈਰੀਫੇਰਲ ਐਕਸਪ੍ਰੇਸਵੇਅ ਵੱਲੋਂ ਛੋਟੇ ਰਸਤੇ ਲੱਭਣੇ ਔਖੇ ਹੋ ਗਏ ਹਨ। ਹਰਿਆਣਾ ਲਈ ਧਨਸਾ, ਦੌਰਾਲਾ, ਪਾਲਮ ਵਿਹਾਰ ਅਤੇ ਡੂੰਡਾਹੇੜਾ ਬਾਰਡਰ ਤੋਂ ਕੁਝ ਰਾਹ ਨਿਕਲਦੇ ਹਨ। ਟਿੱਕਰੀ ਅਤੇ ਝਾੜੋਦਾ ਬਾਰਡਰ ਟ੍ਰੈਫਿਕ ਮੂਵਮੈਂਟ ਲਈ ਪੂਰੀ ਤਰ੍ਹਾਂ ਬੰਦ ਹਨ।

## ਜੀਂਦ ਵਿੱਚ ਦੁਸ਼ਯੰਤ ਚੌਟਾਲਾ, ਕੰਗਣਾ ਰਣੌਤ ਤੇ ਬਿਜੇਂਦਰ ਸਿੰਘ ਦੇ ਬਾਈਕਾਟ ਦਾ ਮਤਾ ਪਾਸ

### * ਮਹਿਲਾ ਕਮਿਸ਼ਨ ਨੇ ਇਸ ਨੂੰ ਗਲਤ ਫੈਸਲਾ ਕਿਹਾ

ਜੀਂਦ, 6 ਦਸੰਬਰ, (ਪੋਸਟ ਬਿਊਰੋ)-ਹਰਿਆਣਾ ਦੇ ਜੀਂਦ ਵਿੱਚ ਖਾਪ ਪੰਚਾਇਤਾਂ, ਤਪਾਂ ਅਤੇ ਇਸ ਖੇਤਰ ਦੀਆਂ ਕਈ ਮਹਾ ਪੰਚਾਇਤਾਂ ਨੇ ਵੱਡਾ ਫੈਸਲਾ ਲੈਂਦੇ ਹੋਏ ਇਸ ਰਾਜ ਦੇ ਡਿਪਟੀ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ, ਭਾਜਪਾਪਾਰਲੀਮੈਂਟ ਮੈਂਬਰ ਬਿਜੇਂ-ਦਰ ਸਿੰਘ ਤੇ ਫਿਲਮ ਸਟਾਰ ਕੰਗਣਾ ਰਣੌਤ ਦਾ ਸਮਾਜਿਕ ਬਾਈਕਾਟ ਕਰ ਦਿੱਤਾ ਹੈ।

ਇਸ ਸੰਬੰਧ ਵਿੱਚ ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਬਾਈਕਾਟ ਵਾਲੇ ਇਹ ਲੋਕ ਉਸ ਖੇਤਰ ਵਿੱਚਆਏ ਤਾਂ ਉਨ੍ਹਾਂ ਨੂੰ ਕਾਲੇ ਝੰਡੇ ਦਿਖਾਏ ਜਾਣਗੇ, ਕੋਈ ਇਨ੍ਹਾਂ ਨਾਲ ਗੱਲ ਨਹੀਂ ਕਰੇਗਾ ਤੇ ਇਲਾਕੇਤੋਂ ਬਾਹਰ ਕੱਢ ਦਿੱਤਾ ਜਾਵੇਗਾ।ਇਸ ਦੇ ਨਾਲ ਕਿਸਾਨਾਂ ਦੇ ਖਿਲਾਫ ਬੋਲਣ ਉੱਤੇਕੰਗਣਾ ਰਣੌਤ ਦੇ ਖਿਲਾਫ ਵੀ ਇਹੀ ਫੈਸਲਾ ਹੋਇਆ ਹੈ। ਵਰਨਣ ਯੋਗ ਹੈ ਕਿ ਜਿਸ ਖੇਤਰ ਵਿੱਚ ਇਨ੍ਹਾਂ ਦਾ ਬਾਈਕਾਟ ਕੀਤਾ ਗਿਆ ਹੈ, ਉਥੋਂ ਹੀ ਦੁਸ਼ਯੰਤ ਚੌਟਾਲਾ ਵਿਧਾਨ ਸਭਾ ਦੀ ਚੋਣ ਜਿੱਤੇ ਸਨ।

ਦੂਸਰੇ ਪਾਸੇ ਹਰਿਆਣਾ ਮਹਿਲਾ ਦੇ ਕਮਿਸ਼ਨ ਨੇ ਕੰਗਣਾ ਰਣੌਤ ਨੂੰ ਖੇਤਰ ਵਿੱਚ ਦਾਖਲ ਨਾ ਹੋਣ ਦੇਣ ਵਾਲੀ ਗੱਲ ਉੱਤੇ ਕਿਹਾ ਕਿ ਅਜਿਹੀਆਂ ਛੋਟੀਆਂ-ਮੋਟੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ।ਅਸੀਂ ਇਸ ਸੂਬੇ ਦਾ ਫਿਕਰ ਕਰੀਏ ਤਾਂ ਵੱਧ ਚੰਗਾ ਹੋਵੇਗਾ। ਉਨ੍ਹਾਂ ਆਖਿਆ ਕਿ ਏਦਾਂ ਦਾ ਫੈਸਲਾ ਗਲਤ ਹੈ, ਭਾਵੇਂ ਮਹਿਲਾ ਹੋਵੇ ਜਾਂ ਆਦਮੀ, ਉਨ੍ਹਾਂ ਨੂੰ ਕਿਤੇ ਵੀ ਆਉਣ-ਜਾਣ ਤੋਂ ਰੋਕਿਆ ਨਹੀਂ ਜਾ ਸਕਦਾ।

## ਸਨੀ ਦਿਓਲ ਕਿਸਾਨਾਂ ਦੀ ਬਜਾਏ ਭਾਜਪਾ ਦੇ ਪੱਖ ਵਿੱਚ ਡਟ ਗਿਆ

### * ਕਹਿੰਦੈ: ਭਾਜਪਾ ਹਮੇਸ਼ਾਂ ਕਿਸਾਨਾਂ ਦੀ ਭਲਾਈ ਬਾਰੇ ਸੋਚਦੀ ਹੈ



ਪਠਾਨਕੋਟ, 6 ਦਸੰਬਰ, (ਪੋਸਟ ਬਿਊਰੋ)- ਗੁਰਦਾਸਪੁਰ ਹਲਕੇ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਪਾਰਲੀਮੈਂਟ ਮੈਂਬਰ ਸਨੀ ਦਿਓਲ ਦਾ ਇਸ ਵਕਤ ਚੱਲ ਰਹੇ ਕਿਸਾਨ ਸੰਘਰਸ਼ ਦੇ ਸੰਬੰਧ ਵਿੱਚ ਕਹਿਣਾ ਹੈ ਕਿ 'ਮੇਰੀ ਪੂਰੀ ਦੁਨੀਆ ਨੂੰ ਬੇਨਤੀ ਹੈ ਕਿ ਇਹ ਮੁੱਦਾ ਕਿਸਾਨ ਤੇ ਸਾਡੀ ਸਰਕਾਰ ਦੇ ਵਿਚਾਲੇ ਦਾ ਮਸਲਾ ਹੈ।' ਆਪਣੇ ਟਵੀਟ ਵਿਚ ਸਨੀ ਦਿਓਲ ਨੇ ਕਿਹਾ ਕਿਇਸ ਵਿਚ ਕੋਈ ਨਾ ਆਵੇ,ਕਿਉਂਕਿ ਦੋਵੇਂ ਆਪਸੀ ਗੱਲਬਾਤਨਾਲ ਇਸ ਦਾ ਹੱਲ ਕੱਢ ਲੈਣਗੇ। ਉਨ੍ਹਾਂ ਨੇ ਕਿਹਾ ਕਿ 'ਮੈਂ ਜਾਣਦਾ ਹਾਂ ਕਿ ਕਈ ਲੋਕ ਇਸ ਦਾ ਲਾਭ ਉਠਾਉਣਾ ਚਾਹੁੰਦੇ ਹਨ ਅਤੇ ਉਹ ਹੀ ਲੋਕ ਅੜਚਣਾਂ ਪਾ ਰਹੇ ਹਨ। ਮੈਂ ਆਪਣੀ ਪਾਰਟੀ ਅਤੇ ਕਿਸਾਨਾਂ ਦੇ ਨਾਲ ਹਾਂ ਤੇ ਹਮੇਸ਼ਾ ਕਿਸਾਨਾਂ ਦੇ ਨਾਲ ਰਹਾਂਗਾ।'

ਪਾਰਲੀਮੈਂਟ ਮੈਂਬਰ ਸੰਨੀ ਦਿਓਲ ਨੇ ਕਿਹਾ ਕਿ ਉਹ ਖੁਦ ਕਿਸਾਨਾਂ ਨਾਲ ਖੜੇ ਹਨ ਤੇ ਉਨ੍ਹਾਂ ਦੀ ਪਾਰਟੀ ਕਿਸਾਨਾਂ ਦੀ ਭਲਾਈ ਬਾਰੇ ਸੋਚੇਗੀ। ਟਵਿੱਟਰ ਉੱਤੇਸਨੀ ਦਿਓਲ ਨੇ ਕਿਸਾਨ ਸੰਘਰਸ਼ ਬਾਰੇ ਆਪਣੇ ਬਿਆਨ ਦੀ ਤਸਵੀਰ ਪੋਸਟ ਕਰ ਕੇ ਕਿਹਾ ਕਿ'ਮੈਂ ਸਾਰੀ ਦੁਨੀਆ ਨੂੰ ਬੇਨਤੀ ਕਰਦਾ ਹਾਂ ਕਿ ਇਹ ਸਾਡੇ ਕਿਸਾਨਾਂ ਤੇ ਸਰਕਾਰ ਦੇ ਵਿਚਾਲੇ ਮਾਮਲਾ ਹੈ। ਉਨ੍ਹਾਂ ਦੇ ਵਿਚਾਲੇ ਨਾ ਆਓ,ਕਿਉਂਕਿ ਦੋਵੇਂ ਵਿਚਾਰ ਵਟਾਂਦਰੇ ਤੋਂ ਬਾਅਦ ਰਸਤਾ ਲੱਭਣਗੇ। ਮੈਨੂੰ ਪਤਾ ਹੈ ਕਿ ਬਹੁਤ ਸਾਰੇ ਲੋਕ ਇਸ ਤੋਂ ਲਾਭ ਲੈਣਾ ਚਾਹੁੰਦੇ ਹਨ ਤੇ ਸਮੱਸਿਆਵਾਂ ਪੈਦਾ ਕਰ ਰਹੇ ਹਨ।' ਉਨ੍ਹਾਂ ਨੇ ਕਿਹਾ ਕਿ ਇਹ ਕਿਸਾਨਾਂ ਦੀ ਸੋਚ ਨਹੀਂ ਹੈ, ਉਨ੍ਹਾਂ ਲੋਕਾਂ ਦਾ ਆਪਣਾ ਏਜੰਡਾ ਹੋ ਸਕਦਾ ਹੈ।


ਇਸ ਮੌਕੇ ਉਨ੍ਹਾਂ ਨੇ ਦੀਪ ਸਿੱਧੂ ਬਾਰੇ ਸਥਿਤੀ ਸਪੱਸ਼ਟ ਕੀਤੀ ਤੇ ਕਿਹਾ ਕਿ 'ਦੀਪ ਸਿੱਧੂ ਚੋਣਾਂ ਦੌਰਾਨ ਮੇਰੇ ਨਾਲ ਸਨ,ਲੰਬੇ ਸਮੇਂ ਤੋਂ ਮੇਰੇ ਨਾਲ ਨਹੀਂ ਰਹੇ ਤੇ ਜੋ ਵੀ ਉਹ ਬੋਲਦੇ ਹਨ,ਉਹ ਆਪਣੇ ਆਪ ਕਹਿ ਰਹੇ ਹਨ। ਮੈਂ ਉਸ ਦੀਆਂ ਗਤੀਵਿਧੀਆਂ ਨਾਲ ਕਿਸੇ ਵੀ ਤਰ੍ਹਾਂ ਸਬੰਧਤ ਨਹੀਂ। ਮੈਂ ਆਪਣੀ ਪਾਰਟੀ ਤੇ ਕਿਸਾਨਾਂ ਨਾਲ ਖੜਾ ਹਾਂ ਅਤੇ ਹਮੇਸ਼ਾਂ ਕਿਸਾਨਾਂ ਦੇ ਨਾਲ ਰਹਾਂਗਾ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਹਮੇਸ਼ਾਂ ਕਿਸਾਨਾਂ ਦਾ ਭਲਾ ਸੋਚਦੀ ਹੈ ਅਤੇ ਮੈਨੂੰ ਇਹ ਪੂਰਾ ਭਰੋਸਾ ਹੈ ਕਿ ਸਰਕਾਰ ਕਿਸਾਨਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਸਹੀ ਨਤੀਜਿਆਂ ਨੂੰ ਯਕੀਨੀ ਬਣਾਏਗੀ।

## ਕਿਸਾਨਾਂ ਨੇ ਦੱਸਿਆ ਕਿ 8 ਦਸੰਬਰ ਦਾ 'ਭਾਰਤ ਬੰਦ' ਕਿਸ ਤਰ੍ਹਾਂ ਦਾ ਕੀਤਾ ਜਾਵੇਗਾ

ਨਵੀ ਦਿੱਲੀ, 6 ਦਸੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖੇਤੀ ਕਾਨੂੰਨਾਂ ਦੇ ਖਿਲਾਫ ਸੰਘਰਸ਼ ਵਿੱ-ਚਕਿਸਾਨਾਂ ਵਲੋਂਦਿੱਤੇ ਗਏ 8 ਦਸੰਬਰ ਦੇ'ਭਾਰਤ ਬੰਦ'ਬਾਰੇ ਅੱਜ ਕਿਸਾਨ ਸੰਗਠਨਾਂ ਵੱਲੋਂ ਸਾਂਝੀ ਪ੍ਰੈਸ ਕਾਨਫਰੰਸ ਵਿੱਚਕਿਸਾਨ ਆਗੂ ਬਲਦੇਵ ਸਿੰਘ ਨੇ ਕਿਹਾ ਕਿ ਭਾਰਤ ਬੰਦ ਦੇ ਸੱਦੇ ਤੋਂ ਕੇਂਦਰ ਸਰਕਾਰ ਬੌਖਲਾਹਟ ਵਿੱਚ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਦੇ ਸੱਦੇ ਹੇਠ ਇਹ 'ਬੰਦ' 8 ਦਸੰਬਰ ਸਵੇਰ ਤੋਂ ਸ਼ਾਮ ਤੱਕ ਹੋਵੇਗਾ ਤੇਚੱਕਾ ਜਾਮ ਦੁਪਹਿਰ 3 ਵਜੇ ਤੱਕ ਰਹੇਗਾ, ਜਿਸ ਦੌਰਾਨ ਐਂਬੂਲੈਂਸ ਅਤੇ ਵਿਆਹ ਵਾਲੇ ਵਾਹਨ ਨਹੀਂਰੋਕੇ ਜਾਣਗੇ।

ਕਿਸਾਨ ਆਗੂ ਬਲਦੇਵ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਅੜੀਅਲ ਰੁਖ ਕਾਰਨ ਅੰਦੋਲਨ ਸਾਡੀ ਮਜਬੂਰੀ ਬਣ ਗਿਆ ਹੈ। ਉਨ੍ਹਾਂ ਨੇ ਸਾਰੇ ਵਰਗਾਂ ਦੇ ਲੋਕਾਂ ਨੂੰ ਕਿਸਾਨਾਂ ਦੇ'ਭਾਰਤ ਬੰਦ' ਦੀ ਹਮਾਇਤ ਦੀ ਅਪੀਲ ਕੀਤੀ ਹੈ। ਇਸ ਮੌਕੇ ਕਿਸਾਨ ਆਗੂ ਜਗਮੋਹਨ ਸਿੰਘ ਨੇ ਕਿਹਾ ਕਿ ਖੇਤੀ ਕਨੂੰਨ ਰੱਦ ਕਰਨੇ ਹੋਣਗੇ। ਇਸ ਤੋਂ ਬਿਨਾ ਕੋਈ ਗੱਲਬਾਤ ਨਹੀਂ ਹੋਵੇਗੀ। ਉਨ੍ਹਾਂ ਦੱਸਿਆ ਕਿ ਕੇਂਦਰ ਨਾਲ ਗੱਲਬਾਤ ਲਈ ਮੰਤਰੀ 9 ਦਸੰਬਰ ਤੱਕ ਸਮਾਂ ਲੈ ਕੇ ਗਏ ਹਨ,ਉਨ੍ਹਾਂ ਨੇ ਪਤਾ ਨਹੀਂ ਕਿਸ ਨਾਲ ਗੱਲ ਕਰਨੀ ਹੈ। ਸਾਰੇ ਤਿੰਨ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਰੱਦ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਐਡੀਟਰਜ਼ ਗਿਲਡ ਨੇ ਮੀਡੀਆ ਨੂੰ ਚੇਤਾਵਨੀ ਦਿੱਤੀ ਹੈ, ਇਸ ਕੰਮਲਈ ਗਿਲਡ ਦਾ ਧੰਨਵਾਦ ਤੇ ਮੀਡੀਆ ਨੂੰ ਕਿਸਾਨੀ ਲਹਿਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਉਨ੍ਹਾਂ ਦੱਸਿਆ ਕਿ ਉੱਤਰਾਖੰਡ, ਹਰਿਆਣਾ, ਮੱਧ ਪ੍ਰਦੇਸ਼ ਦੇ ਵਪਾਰ ਬੋਰਡਾਂਤੇ ਟ੍ਰਾਂਸਪੋਰਟ ਯੂਨੀਅਨਾਂ ਨੇ ਭਾਰਤ ਬੰਦਦਾ ਸਮਰਥਨ ਕੀਤਾ ਹੈ। 8 ਦਸੰਬਰ ਨੂੰ ਭਾਰਤ ਪੂਰੀ ਤਰ੍ਹਾਂ ਬੰਦ ਰਹੇਗਾ। ਦੋਵਾਂ ਕਿਸਾਨ ਆਗੂਆਂ ਨੇ ਕਿਹਾ ਉੱਤਰ ਭਾਰਤ ਵਿੱਚ ਵਿਆਹਾਂ ਦਾ ਸੀਜ਼ਨ ਹੈ, ਪਰ ਇਸ ਬੰਦ ਦੌਰਾਨ ਉਨ੍ਹਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ। ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਕਿਸਾਨਾਂ ਨੇ ਸਰਕਾਰਾਂ ਦੇ ਵੱਡੇ ਜਬਰ ਦਾ ਸਾਹਮਣਾ ਕੀਤਾ ਹੈ, ਪਰ ਦਿੱਲੀ ਆਉਣ ਤੋਂਨਹੀਂ ਰੁਕੇ। ਭਾਰਤ ਬੰਦ ਦੌਰਾਨ ਮੰਡੀਆਂ, ਬਾਜ਼ਾਰ, ਵਾਹਨ ਸਾਰੇ ਬੰਦ ਰਹਿਣ-ਗੇ। ਇਸ ਬੰਦ ਲਈ ਕਿਸਾਨਾਂ ਨੂੰ ਰਾਜਨੀਤਕ ਪਾਰਟੀਆਂ, ਵਪਾਰੀ, ਮਜ਼ਦੂਰ, ਟਰਾਂਸਪੋਰਟਰਾਂ ਅਤੇ ਸਾਰੀਆਂ ਸ਼੍ਰੇਣੀਆਂ ਦੇ ਲੋਕਾਂ ਦਾ ਸਮਰਥਨ ਮਿਲ ਰਿਹਾ ਹੈ ਅਤੇ ਇਹ ਬੰਦ ਇਤਿਹਾਸਿਕ ਬੰਦ ਹੋਵੇਗਾ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992


Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification



Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

## ਬੇਅੰਤ ਸਿੰਘ ਕਤਲ ਕਾਂਡ ਵਿਚ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੋਂ ਰਾਜੋਆਣਾ ਦੀ ਫਾਂਸੀ ਮਾਫੀ ਬਾਰੇ ਪੁੱਛਿਆ



ਨਵੀਂ ਦਿੱਲੀ, 6 ਦਸੰਬਰ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਮੁਆਫ਼ ਕਰਨ ਦੀ ਸਿਫਾਰਸ਼ ਰਾਸ਼ਟਰਪਤੀ ਨੂੰ ਭੇਜਣ ਵਿੱਚ ਹੋ ਰਹੀ ਦੇਰੀ ਉੱਤੇਕੱਲ੍ਹ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ ਹੈ।

ਚੀਫ਼ ਜਸਟਿਸ ਐਸ ਏ ਬੋਬੜੇ, ਜਸਟਿਸ ਏ ਐਸ ਬੋਪੰਨਾ ਅਤੇ ਜਸਟਿਸ ਵੀ ਰਾਮਾ ਸੁਬਰਾਮਣੀਅਨ ਦੀ ਬੈਂਚ ਨੇ ਕੇਂਦਰ ਨੂੰ ਕਿਹਾ ਕਿ ਉਹ ਦੱਸੇ ਕਿ ਸੰਬੰਧਤ ਅਧਿਕਾਰੀ ਸੰਵਿਧਾਨ ਦੀ ਧਾਰਾ 72 ਹੇਠ ਰਾਸ਼ਟਰਪਤੀ ਨੂੰ ਇਹ ਸਿਫਾਰਸ਼ਕਦੋਂ ਭੇਜਣਗੇ? ਸੰਵਿਧਾਨ ਦੀ ਧਾਰਾ 72 ਹੇਠ ਰਾਸ਼ਟਰਪਤੀ ਨੂੰ ਕੁਝ ਵਿਸ਼ੇਸ਼ ਕੇਸਾਂ ਵਿੱਚ ਮੁਆਫ਼ੀ ਦੇਣ, ਸਜ਼ਾ ਸਸਪੈਂਡ ਕਰਨ ਜਾਂ ਉਸ ਨੂੰ ਘੱਟ ਕਰਨ ਦੇ ਅਧਿਕਾਰ ਹਨ।ਸੁਪਰੀਮ ਕੋਰਟ ਨੇ ਇਸ ਤੱਥ ਦਾ ਨੋਟਿਸ ਲਿਆ ਕਿ ਗ੍ਰਹਿ ਮੰਤਰਾਲਾ ਨੇ ਪਿਛਲੇ ਸਾਲ 7 ਸਤੰਬਰ ਨੂੰ ਪੰਜਾਬ ਦੇ ਚੀਫ ਸੈਕਟਰੀ ਨੂੰ ਇੱਕ ਚਿੱਠੀ ਲਿਖ ਕੇ ਦੱਸਿਆ ਸੀ ਕਿ ਰਾਜੋਆਣਾ ਦੀ ਮੌਤ ਦੀ ਸਜ਼ਾ ਮੁਆਫ ਕਰਨ ਦੀ ਸਿਫਾਰਸ਼ ਰਾਸ਼ਟਰਪਤੀ ਨੂੰ ਭੇਜੀ ਜਾਵੇਗੀ। ਕੇਂਦਰ ਵੱਲੋਂ ਪੇਸ਼ ਹੋਏ ਐਡੀਸ਼ਨਲ ਸਾਲਿਸਟਰ ਜਨਰਲ ਕੇ ਐਮ ਨਟਰਾਜ ਨੂੰ ਅਦਾਲਤ ਨੇ ਕਿਹਾ ਕਿ ਉਹ ਇਹ ਦੱਸਣ ਕਿ ਇਹ ਪ੍ਰਸਤਾਵ ਅਜੇ ਤੱਕ ਕਿਉਂਨਹੀਂਭੇਜੀ ਗਈ? ਤੁਸੀਂ ਪੰਜਾਬ ਸਰਕਾਰ ਨੂੰ ਚਿੱਠੀ ਲਿਖੀ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਉੱਤੇ ਰਾਜੋਆਣਾ ਦੀ ਮੌਤ ਦੀ ਸਜ਼ਾ ਮੁਆਫ਼ ਕਰ ਦਿੱਤੀ ਜਾਵੇਗੀ।ਨਟਰਾਜ ਨੇ ਇਸ ਬਾਰੇ ਜ਼ਰੂਰੀ ਨਿਰਦੇਸ਼ ਲੈਣ ਲਈ ਅਦਾਲਤ ਨੂੰ 2 ਹਫਤੇ ਸਮਾਂ ਦੇਣ ਦੀ ਬੇਨਤੀ ਕੀਤੀ। ਬੈਂਚ ਨੇ ਆਗਿਆ ਦਿੰਦੇ ਹੋਏ ਇਸ ਕੇ ਨੂੰ ਜਨਵਰੀ ਦੇ ਪਹਿਲੇ ਹਫਤੇ ਲਈ ਸੂਚੀਬੱਧ ਕਰ ਦਿੱਤਾ। ਸੁਪਰੀਮ ਕੋਰਟ ਰਾਜੋਆਣਾ ਦੀ ਮੌਤ ਦੀ ਸਜ਼ਾ ਮੁਆਫੀ ਬਾਰੇ ਉਸ ਦੀ ਪਟੀਸ਼ਨ ਦਾ ਜਲਦੀ ਨਿਪਟਾਰਾ ਕਰਨ ਬਾਰੇ ਗ੍ਰਹਿ ਮੰਤਰਾਲਾ ਨੂੰ ਨਿਰਦੇਸ਼ ਦੇਣ ਲਈ ਦਾਇਰ ਇੱਕ ਪਟੀਸ਼ਨ ਉੱਤੇ ਸੁਣਵਾਈ ਕਰ ਰਹੀ ਸੀ।

# ਭਾਜਪਾ ਕੈਪਟਨ ਨੂੰ ਈਡੀ ਦਾ ਡਰਾਵਾ ਦੇ ਕੇ ਕਿਸਾਨ ਸੰਘਰਸ਼ ਦੇ ਖਿਲਾਫ ਬਿਆਨ ਦਿਵਾ ਰਹੀ ਹੈ: ਸੁਖਬੀਰ ਸਿੰਘ ਬਾਦਲ

ਚੰਡੀਗੜ੍ਹ, 6 ਦਸੰਬਰ, (ਪੋਸਟ ਬਿਊਰੋ)-ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਦੇ ਕੇਸ ਵਿੱਚ ਭਾਜਪਾ ਦੇ ਬਲੈਕਮੇਲ ਅੱਗੇ ਸਰੰਡਰ ਕਰ ਦਿੱਤਾ ਹੈ ਤੇ ਉਹ ਪਰਦਾ ਪਾਉਣ ਵਾਸਤੇ ਦਲੇਰੀ ਵਿਖਾ ਰਹੇ ਹਨ ਅਤੇ ਗਲਤ ਸ਼ਬਦਾਂ ਦੀ ਵਰਤੋਂ ਕਰ ਰਹੇ ਹਨ।

ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 'ਸਰਹੱਦ ਪਾਰ ਦਾ ਪੱਤਾ' ਖੇਡਣ ਤੇ ਇਸ ਨੂੰ ਕਿਸਾਨ ਅੰਦੋਲਨ ਨਾਲ ਜੋੜ ਕੇ ਦੇਸ਼ ਨੂੰ ਡਰਾਉਣ ਦੇ ਯਤਨਾਂ ਦਾ ਵੀ ਮਖੌਲ ਉਡਾਇਆ ਅਤੇ ਕਿਹਾ ਕਿ 'ਮੈਨੂੰ ਇਸ ਬਾਰੇ ਉੱਤੇ ਤੁਹਾਡੇ ਉੱਤੇ ਵਿਸ਼ਵਾਸ ਕਰਨਾ ਪਵੇਗਾ। ਆਖਿਰ ਤੁਹਾਡੀ ਦਿਨ ਰਾਤ ਆਈ ਐਸ ਆਈ ਦੇ ਸੂਤਰਾਂ ਤੱਕ ਸਿੱਧੀ ਪਹੁੰਚ ਹੈ। ਤੁਹਾਡੇ ਤੋਂ ਵੱਧ ਕੌਣ ਚੰਗੀ ਤਰ੍ਹਾਂ ਜਾਣਦਾ ਹੈ ਕਿ ਸਾਡੀ ਧਰਤੀ ਉੱਤੇ ਪਾਕਿਸਤਾਨ ਕਿੰਨਾ ਹਾਜ਼ਰ ਹੈ, ਖਾਸ ਤੌਰ ਉੱਤੇ ਕੁਲੀਨ ਅਤੇ ਸੰਵੇਦਨਸ਼ੀਲ ਥਾਵਾਂ ਉੱਤੇ? ਰੱਬ ਦੇ ਵਾਸਤੇ ਸਾਨੂੰ ਇਹ ਨਾ ਦੱਸੋ ਕਿ ਪਾਕਿਸਤਾਨ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਵਿਚ ਗਤੀਵਿਧੀਆਂ ਰੋਕ ਸਕਦਾ ਹੈ। ਇਹ ਡਰਸਦਾ ਬਣਿਆ ਰਿਹਾ ਹੈ ਤੇ ਸਾਡੇ ਪੰਜਾਬ ਦੇ ਕਿਸਾਨ ਪਰਿਵਾਰਾਂ ਦੇ ਦਲੇਰ ਜਰਨੈਲ ਤੇ ਫੌਜੀ ਹਮੇਸ਼ਾ ਇਕ ਪਾਰਟ ਟਾਈਮ ਫੌਜੀ ਤੇ ਫਿਰ ਸਿਆਸਤਦਾਨ ਬਣੇ ਆਗੂ ਨਾਲੋਂ ਇਸ ਨਾਲਵੱਧ ਚੰਗੀ ਤਰੀਕੇ ਨਜਿੱਠਦੇ ਰਹੇ ਹਨ,ਕਿਉਂਕਿ ਪਾਰਟ ਟਾਈਮ ਸੈਨਿਕ ਨੇ ਆਪਣਾ ਸਮਾਂ ਸਿਰਫ ਪਰਦੇ ਪਿੱਛੇ ਕਲਰਕਾਂ ਵਾਲੀਆਂ ਭੂਮਿਕਾਵਾਂ ਨਿਭਾਈਆਂ ਹਨ।'



ਅੱਜ ਇਥੇ ਜਾਰੀ ਕੀਤੇ ਬਿਆਨ ਵਿਚ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਦਿੱਲੀ ਸੱਦ ਕੇ ਕਿਹਾ ਗਿਆ ਸੀ ਕਿ ਉਹ ਈ ਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਦਾ ਸਾਹਮਣਾ ਕਰਨ ਤੇ ਕਿਸਾਨਾਂ ਨਾਲ ਧੋਖਾ ਕਰਨ ਵਿਚੋਂ ਇਕ ਨੂੰ ਚੁਣ ਲੈਣ। ਉਨ੍ਹਾਂ ਕਿਹਾ ਕਿ ਚੋਣ ਸਪਸ਼ਟ ਹੋ ਗਈ ਕਿ ਕੈਪਟਨ ਨੇ ਅਮਿਤ ਸ਼ਾਹ ਨਾਲ ਮੀਟਿੰਗ ਤੋਂ ਬਾਹਰ ਆਉਂਦਿਆਂ ਹੀ ਪਹਿਲਾ ਬਦਲ ਚੁਣਿਆ ਤੇ ਕਿਸਾਨਾਂ ਨੂੰ ਆਪਣਾ ਸੰਘਰਸ਼ ਖ਼ਤਮ ਕਰਨ ਲਈ ਕਹਿਣ ਵੇਲੇ ਇਸ ਸ਼ਾਂਤੀਪੂਰਨ ਅੰਦੋਲਨ ਤੋਂ ਕੌਮੀ ਸੁਰੱਖਿਆ ਲਈ ਖ਼ਤਰਾ ਦੱਸਿਆ ਹੈ। ਛੋਟੇ ਬਾਦਲ ਨੇ ਕਿਹਾ ਕਿ 'ਦਿੱਲੀ ਵਿਚ ਹਰ ਕੋਈ ਜਾਣਦਾ ਹੈ ਕਿ ਕਿਸਾਨਾਂ ਦੀ ਪਿੱਠ ਪਿੱਛੇ ਇਸ ਹੈਰਾਨੀ ਜਨਕ ਮੀਟਿੰਗ ਵਿਚ ਕੀ ਹੋਇਆ ਹੈ।ਅਮਿਤ ਸ਼ਾਹਅੱਗੇ ਕੈਪਟਨ ਦੀਆਂ ਲੱਤਾਂ ਈ ਡੀ ਕਾਰਡ ਫੜ ਕੇ ਥਰ ਥਰ ਕੰਬਦੀਆਂ ਸਨ ਤੇ ਉਨ੍ਹਾਂ ਨੇ ਬਿਨਾਂ ਸੰਘਰਸ਼ ਕੀਤੇ ਖੇਤੀ ਕਾਨੂੰਨਾਂਦੇ ਮੁੱਦੇ ਉੱਤੇ ਬਲੈਕਮੇਲ ਅੱਗੇ ਸਰੰਡਰ ਕਰ ਦਿੱਤਾ।'ਸੁਖਬੀਰ ਸਿੰਘ ਨੇ ਕਿਹਾ ਕਿ ਕੇਂਦਰ ਨੂੰ ਕਾਨੂੰਨ ਰੱਦ ਕਰਨ ਲਈ ਆਖਣ ਦੇ ਬਜਾਏ ਕੈਪਟਨ ਨੇ ਕਿਸਾਨਾਂ ਨੂੰ ਆਪਣਾ ਸੰਘਰਸ਼ ਵਾਪਸ ਲੈਣ ਤੇ ਹਾਰ ਮੰਨ ਕੇ ਘਰੀਂ ਮੁੜ ਜਾਣ ਨੂੰ ਆਖ ਕੇ ਹੈਰਾਨ ਕਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ ਆਪਣੀ ਕਾਇਰਤਾ ਤੇ ਹਫੜਾ ਦਫੜੀ ਉੱਤੇ ਜਾਅਲੀ ਬਹਾਦਰੀ ਵਾਲੇ ਸ਼ਬਦਾਂ ਨਾਲ ਪਰਦਾ ਪਾਉਣਾ ਚਾਹੁੰਦਾਹੈ। ਛੋਟੇ ਬਾਦਲ ਨੇ ਕਿਸਾਨ ਸੰਘਰਸ਼ ਕਾਰਨ ਕੌਮੀ ਸੁਰੱਖਿਆ ਨੂੰ ਖ਼ਤਰਾ ਹੋਣ ਦੇ ਬਿਆਨ ਉੱਤੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ 'ਬਹਾਦਰ ਕੈਪਟਨ ਨੇ ਸਿਰਫ ਉਹੀ ਕਹਾਣੀ ਪੜ੍ਹ ਕੇ ਸੁਣਾਈ ਹੈ, ਜੋ ਉਨ੍ਹਾਂ ਨੂੰ ਭਾਜਪਾ ਹਾਈ ਕਮਾਂਡ ਨੇ ਪੜ੍ਹਾਈ ਸੀ। ਉਹਨਾਂ ਨੇ ਤੋਤੇ ਵਾਂਗੂ ਬੋਲ ਬੋਲੇ ਹਨ।'

## ਕੰਗਨਾ ਨੂੰ ਮੋਗਾ ਦੇ ਐਡਵੋਕੇਟ ਵੱਲੋਂ ਕਾਨੂੰਨੀ ਨੋਟਿਸ

*** ਸੱਤ ਦਿਨਾਂ ਵਿੱਚ ਮੁਆਫ਼ੀ ਨਾ ਮੰਗੀ ਤਾਂ ਕਾਨੂੰਨੀ ਕਰਵਾਈ ਹੋਵੇਗੀ**



ਮੋਗਾ, 6 ਦਸੰਬਰ (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂਬਣਾਏ ਗਏ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦਿੱਲੀ ਵਿਖੇ ਚੱਲ ਰਹੇ ਕਿਸਾਨ ਸੰਘਰਸ਼ ਵਿੱਚ ਆਈ ਬਠਿੰਡਾ ਜ਼ਿਲੇ ਦੇ ਪਿੰਡ ਬਹਾਦਰਗੜ੍ਹ ਜੰਡੀਆਂ ਦੀ ਬਿਰਧ ਔਰਤ ਮਹਿੰਦਰ ਕੌਰ ਨੂੰ ਇੱਕ ਟਵੀਟ ਕਰਕੇ ਮਾੜੇ ਬੋਲ ਬੋਲਣ ਵਾਲੀ ਅਦਾਕਾਰਾ ਕੰਗਨਾ ਰਣੌਤ ਦੇ ਖਿਲਾਫ ਇਸ ਵੇਲੇ ਸਾਰੇ ਭਾਰਤ ਦੇ ਅਤੇ ਖਾਸ ਕਰ ਕੇ ਪੰਜਾਬ ਦੇ ਕਿਸਾਨਾਂ ਵਿੱਚ ਗੁੱਸੇ ਦੀ ਲਹਿਰ ਹੈ।ਕੱਲ੍ਹ ਮੋਗਾ ਦੇ ਐਡਵੋਕੇਟ ਤੇ ਬਾਰ ਐਸੋਸੀਏਸ਼ਨ ਮੋਗਾ ਦੇ ਪ੍ਰਧਾਨ ਰਾਜਪਾਲ ਸ਼ਰਮਾ ਨੇ ਅਦਾਕਾਰਾ ਕੰਗਨਾ ਰਣੌਤ ਨੂੰ ਕਾਨੂੰਨੀ ਨੋਟਿਸ ਭੇਜ ਕੇ ਸੱਤ ਦਿਨਾਂ ਵਿੱਚ ਮੁਆਫ਼ੀ ਮੰਗਣਜਾਂਉਸ ਵਿਰੁੱਧ ਕਾਨੂੰਨੀ ਕਰਵਾਈ ਕਰਨ ਦਾ ਐਲਾਨ ਕੀਤਾ ਹੈ।

ਵਰਨਣ ਯੋਗ ਹੈ ਕਿ ਬਿਰਧ ਮਾਤਾ ਮਹਿੰਦਰ ਕੌਰ ਬਾਰੇ ਟਵੀਟ ਕਰਕੇ ਕੰਗਨਾ ਰਣੌਤ ਨੇ ਕਿਸਾਨ ਅੰਦੋਲਨ ਵਿੱਚ 100 ਰੁਪਏ ਭਾੜਾ ਲੈ ਕੇ ਕੁੱਦਣ ਵਾਲੀ ਔਰਤ ਕਿਹਾ ਸੀ।ਮੋਗਾ ਜ਼ਿਲੇ ਦੇ ਪਿੰਡ ਮੱਦੋਕੇ ਦੇ ਸਮਾਜੀ ਸਾਰੋਕਾਰਾਂ ਨਾਲ ਜੁੜੇ ਨੌਜਵਾਨ ਦੀਦਾਰ ਸਿੰਘ ਮੱਦੋਕੇ ਵੱਲੋਂ ਐਡਵੋਕੇਟ ਰਾਜਪਾਲ ਸ਼ਰਮਾ ਰਾਹੀਂ ਭੇਜੇ ਗਏ ਇਸ ਨੋਟਿਸ ਵਿੱਚ ਕਿਹਾ ਗਿਆ ਹੈ ਕਿ ਆਪਣੇ ਹੱਕਾਂ ਦੀ ਪੂਰਤੀ ਲਈ ਸ਼ਾਂਤਮਈ ਸੰਘਰਸ਼ ਕਰ ਰਹੇ ਕਿਸਾਨਾਂ ਦੇ ਸੰਘਰਸ਼ ਨੂੰ ਜਾਣ ਬੁੱਝ ਕੇ ਬਦਨਾਮ ਕਰਨ ਦੇ ਲਈ ਐਕਟਰੈੱਸ ਕੰਗਨਾ ਰਣੌਤ ਨੇ ਇਹ ਟਵੀਟ ਕੀਤਾ ਹੈ। ਐਡਵੋਕੇਟ ਰਾਜਪਾਲ ਸ਼ਰਮਾ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਜੇ ਕੰਗਨਾ ਨੇ ਇਸ ਬਾਰੇ ਮੁਆਫੀ ਨਾ ਮੰਗੀ ਤਾਂ ਸੱਤ ਦਿਨਾਂ ਬਾਅਦ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਕਿਸਾਨੀ ਕਿੱਤੇ ਨਾਲ ਸਿੱਧੇ ਤੌਰ ਉੱਤੇ ਜੁੜੀ ਮਹਿੰਦਰ ਕੌਰ ਨੇ ਖੁਦ ਆਪਣੇ ਹੱਥੀਂ ਵਾਹੀ ਮੌਕੇ ਦਾਤੀ ਤਾਂ ਚਲਾਈ ਹੀ ਹੈ, ਉਸ ਨੇ ਬਠਿੰਡੇ ਦੇ ਰੇਤਲੇ ਟਿੱਬਿਆਂ ਵਿੱਚ ਆਪਣੀਆਂ ਜ਼ਮੀਨਾ ਪੱਧਰੀਆਂ ਕਰਨ ਦਾ ਕੰਮ ਵੀ ਕੀਤਾ ਹੈ।

## ਸੈਕਸ ਟੈੱਸਟ ਕਾਰਨ ਬਾਘਾ ਹਸਪਤਾਲ ਦਾ ਸਟਿੰਗ ਆਪ੍ਰੇਸ਼ਨ, ਡਾ. ਕਾਂਗ ਉੱਤੇ ਕੇਸ ਦਰਜ

ਜਲੰਧਰ, 6 ਦਸੰਬਰ (ਪੋਸਟ ਬਿਊਰੋ)- ਚੰਡੀਗੜ੍ਹਵਾਲੀ ਮਿਸ਼ਨ ਡਿਸਕਵਰੀ ਡਿਟੈਕਟਿਵ ਸਰਵਿਸਿਜ਼ ਦੀ ਟੀਮ ਵੱਲੋਂ ਕੀਤੇ ਸਟਿੰਗ ਆਪ੍ਰੇਸ਼ਨ ਤੋਂ ਬਾਅਦ ਚੰਡੀਗੜ੍ਹ, ਐਸ ਬੀ ਐਸ ਨਗਰ ਅਤੇ ਜਲੰਧਰ ਦੇ ਸਿਹਤ ਵਿਭਾਗ ਨੇ ਪਠਾਨਕੋਟ ਰੋਡ ਉੱਤੇਬਾਘਾ ਹਸਪਤਾਲ ਵਿੱਚ ਲਿੰਗ ਨਿਰਧਾਰਨ ਦੇ ਦੋਸ਼ ਵਿੱਚ ਛਾਪਾ ਮਾਰਿਆ ਤਾਂ ਹਸਪਤਾਲ ਦੇ ਡਾ. ਸੁਰਜੀਤ ਸਿੰਘ ਕਾਂਗ ਫ਼ਰਾਰ ਹੋ ਗਏ, ਪਰ ਪੁਲਸ ਤੇ ਸਿਹਤ ਵਿਭਾਗ ਦੀ ਟੀਮ ਨੇ ਹਸਪਤਾਲ ਵਿੱਚ ਤੈਅ ਕੀਤੀ ਗਈ ਕੀਮਤ ਵਿੱਚੋਂ 16 ਹਜ਼ਾਰ ਰੁਪਏ ਰਿਕਵਰ ਕਰ ਲਏ ਹਨ। ਇਸ ਟੈਸਟ ਦਾ ਸੌਦਾ 20 ਹਜ਼ਾਰ ਰੁਪਏ ਵਿੱਚ ਹੋਇਆ ਸੀ।

ਇਸ ਬਾਰੇ ਥਾਣਾ ਨੰਬਰ 8 ਦੇ ਇੰਚਾਰਜ ਕਮਲਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਚੰਡੀਗੜ੍ਹਤੋਂ ਆਈ ਮਿਸ਼ਨ ਡਿਸਕਵਰੀ ਡਿਟੈਕਟਿਵ ਸਰਵਿਸ ਵੱਲੋਂ ਸ਼ਿਕਾਇਤ ਮਿਲੀ ਸੀ ਕਿ ਬਾਘਾ ਹਸਪਤਾਲ ਵਿੱਚ ਲਿੰਗ ਨਿਰਧਾਰਨ ਕਰਨ ਦੀ ਡੀਲ ਚੱਲ ਰਹੀ ਹੈ, ਜਿਸ ਦਾ ਸਟਿੰਗ ਆਪ੍ਰੇਸ਼ਨ ਵੀ ਹੋਇਆ ਹੈ ਤੇ ਇਸ ਵਿੱਚ ਹਸਪਤਾਲ ਦੇ ਡਾ. ਹਰਜੀਤ ਸਿੰਘ ਕਾਂਗ ਖੁਦ ਟੈਸਟ ਕਰ ਰਹੇ ਹਨ। ਇਸ ਲਈ ਪੁਲਸ ਨੇ ਚੰਡੀਗੜ੍ਹ ਸਮੇਤ ਲੁਧਿਆਣਾ, ਨਵਾਂਸ਼ਹਿਰ ਅਤੇ ਜਲੰਧਰ ਤੋਂ ਆਈਆਂ ਸਿਹਤ ਵਿਭਾਗ ਦੀਆਂ ਟੀਮਾਂ ਨਾਲ ਹਸਪਤਾਲ ਵਿੱਚ ਛਾਪਾ ਮਾਰਿਆ। ਸਿਹਤ ਵਿਭਾਗ ਦੇ ਨਾਲ ਪੁਲਸ ਵੀ ਓਥੇ ਸੀ। ਇਨ੍ਹਾਂ ਨੇ ਤੈਅ ਹੋਈ ਰਕਮ 20 ਹਜ਼ਾਰ ਰੁਪਏ ਵਿੱਚੋਂ 16 ਹਜ਼ਾਰ ਰੁਪਏ ਹਸਪਤਾਲ ਵਿੱਚੋਂ ਬਰਾਮਦ ਕਰ ਲਏ। ਇਸ ਛਾਪੇਤੋਂ ਪਹਿਲਾਂ ਹਸਪਤਾਲ ਦੇ ਡਾ. ਹਰਜੀਤ ਸਿੰਘ ਕਾਂਗ ਫ਼ਰਾਰ ਗਏ। ਸਿਹਤ ਵਿਭਾਗ ਦੀ ਟੀਮ ਦਾ ਕਹਿਣਾ ਹੈ ਕਿ ਹਸਪਤਾਲ ਵਿੱਚ 20 ਹਜ਼ਾਰ ਰੁਪਏ ਵਿੱਚ ਲਿੰਗ ਟੈਸਟ ਕੀਤਾ ਜਾਂਦਾ ਸੀ। ਥਾਣਾ ਨੰਬਰ 8 ਦੇ ਇੰਚਾਰਜ ਕਮਲਜੀਤ ਸਿੰਘ ਨੇ ਕਿਹਾ ਕਿ ਹਸਪਤਾਲ ਦੇ ਡਾ. ਹਰਜੀਤ ਸਿੰਘ ਕਾਂਗ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੇ ਜਾ ਰਹੀ ਹਨ। ਥਾਣੇ ਵਿੱਚ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਉਂਜ ਡਾ: ਕਾਂਗ ਦੇ ਖ਼ਿਲਾਫ਼ ਇਹ ਪਹਿਲਾ ਕੇਸਨਹੀਂ, ਉਨ੍ਹਾਂ ਖ਼ਿਲਾਫ਼ ਪਹਿਲਾਂ ਵੀ ਅਜਿਹੇ ਕਈ ਕੇਸ ਦਰਜ ਹਨ। ਉਨ੍ਹਾਂ ਨੇ ਇਸੇ ਦੋਸ਼ਾਂ ਦੇ ਕਾਰਨ ਭੋਗਪੁਰ ਵਿੱਚ ਆਪਣਾ ਹਸਪਤਾਲ ਬੰਦ ਕੀਤਾ ਸੀ ਅਤੇ ਅੰਬਾਲਾ ਵਿੱਚ ਵੀ ਲਿੰਗ ਨਿਰਧਾਰਨ ਦੇ ਕੇਸਾਂ ਵਿੱਚ ਉਹ ਨਾਮਜ਼ਦ ਹੋ ਚੁੱਕੇ ਹਨ।

## ਮਾਲਵੇਅਰ ਤੋਂ ਸੁਰੱਖਿਆ ਦੇ ਬਹਾਨੇ ਧੋਖਾ ਕਰਨ ਵਾਲੇ ਭਾਰਤੀ ਨੇ ਆਪਣੇ ਦੋਸ਼ ਮੰਨੇ

ਵਾਸ਼ਿੰਗਟਨ, 6 ਦਸੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚਇੱਕ 33 ਸਾਲਾ ਭਾਰਤੀ ਨੇ ਕੰਪਿਊਟਰ ਸੁਰੱਖਿਆ ਸੇਵਾ ਦੇ ਨਾਂ ਉੱਤੇ ਕਈ ਅਮਰੀਕੀ ਨਾਗਰਿਕਾਂ ਨਾਲ ਧੋਖਾ ਕਰਨ ਬਾਰੇ ਆਪਣਾ ਦੋਸ਼ ਸਵੀਕਾਰ ਕਰ ਲਿਆ ਹੈ। ਇਹ ਵਿਅਕਤੀ ਕੰਪਿਊਟਰ ਵਿੱਚ ਮਾਲਵੇਅਰ ਹੋਣ ਦੀ ਗੱਲ ਕਹਿ ਕੇ ਸੁਰੱਖਿਆ ਹਾਸਲ ਕਰਵਾਉਣ ਦੀ ਪੇਸ਼ਕਸ਼ ਕਰਕੇ ਲੋਕਾਂ ਤੋਂ ਪੈਸੇ ਠੱਗਦਾ ਸੀ। ਕਈ ਬਜ਼ੁਰਗ ਇਸ ਧੋਖੇ ਦਾ ਸ਼ਿਕਾਰ ਬਣੇ। ਨਵੀਂ ਦਿੱਲੀ ਦੇ ਰਹਿਣ ਵਾਲੇ ਹਿਮਾਂਸ਼ੂ ਅਸਰੀ ਨੇਫੈਡਰਲ ਅਦਾਲਤ ਕੋਲ ਆਪਣਾ ਗੁਨਾਹ ਮੰਨਿਆ। ਉਸ ਨੇ ਮੰਨਿਆ ਕਿ ਭਾਰਤ ਵਿੱਚ ਕਾਲ ਸੈਂਟਰ ਰਾਹੀਂ ਉਸ ਨੇ 325 ਲੋਕਾਂ ਨਾਲ ਸੰਪਰਕ ਕੀਤਾ ਤੇ ਉਨ੍ਹਾਂ ਦੇ ਕੰਪਿਊਟਰ ਵਿੱਚ ਮਾਲਵੇਅਰ ਹੋਣ ਦੀ ਗੱਲ ਕਹੀ। ਅਮਰੀਕਾ ਦੇ ਨਿਆਂ ਵਿਭਾਗ ਨੇ ਦੱਸਿਆ ਕਿ ਜਨਵਰੀ 2015 ਤੋਂ ਜਨਵਰੀ 2020 ਦਰਮਿਆਨ ਅਸਰੀ ਨੇ ਹੋਰ ਲੋਕਾਂ ਨਾਲ ਮਿਲ ਕੇ 940,995 ਅਮਰੀਕੀ ਡਾਲਰ ਦੀ ਧੋਖਾਦੇਹੀ ਕੀਤੀ ਸੀ, ਜਿਸ ਵਿੱਚ ਖੁਦ ਫਸ ਗਿਆ ਹੈ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com



A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ



BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005

BEST CANADIAN TRUCK & FORKLIFT TRAINING CENTRE







AZ Tractor trailer program
Manual transmission & backup training everyday
We welcome welfare workers & compensation clients

Open Seven Days

Forklift Re-Certification Only $79.00/-



Karnail Singh


416.670.3173 | 905.799.7333
27 Edvac Dr, Brampton, ON L6S 5X8



Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal
Co-Host

Iqbal Mahal
Producer & Host

Serving the South Asian Community Since 1976



GUNTAAS RADIO AM 530
Monday to Friday 10am to 11am

Jaswinder Kaur Taggar
jaswindertaggar3@yahoo.ca

647-765-2340 • For Marketing 647-656-6648



PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਕਿੰਨੀ ਕਾਮਯਾਬ ਹੋਵੇਗੀ ਕੋਰੋਨਾ ਵੈਕਸੀਨ...

-ਰੰਜਨਾ ਮਿਸ਼ਰਾ-




ਕਿਸੇ ਵੀ ਵੱਡੀ ਬੀਮਾਰੀ ਦੀ ਵੈਕਸੀਨ ਦੇ ਰਿਸਰਚ, ਟ੍ਰਾਇਲ ਤੇ ਲੋਕਾਂ ਤੱਕ ਪਹੁੰਚਣ 'ਚ 10 ਸਾਲ ਤੱਕ ਦਾ ਸਮਾਂ ਲੱਗ ਸਕਦਾ ਹੈ। ਪੋਲੀਓ ਦੀ ਵੈਕਸੀਨ ਬਣਾਉਣ ਵਿੱਚ 47 ਸਾਲ, ਚਿਕ-ਨਪਾਕਸ ਦੀ ਵੈਕਸੀਨ ਬਣਾਉਣ 'ਚ 42 ਸਾਲ, ਇਬੋਲਾ ਦੀ ਵੈਕਸੀਨ ਵਿੱਚ 43 ਸਾਲ, ਹੈਪੇਟਾਈਟਿਸ ਬੀ ਦੀ ਵੈਕਸੀਨ ਬਣਾਉਣ ਵਿੱਚ 13 ਸਾਲ ਲੱਗੇ ਅਤੇ ਐਚ ਆਈ ਵੀ (ਏਡਜ਼) ਦਾ ਇਲਾਜ ਲੱਭਣ 'ਚ 61 ਸਾਲ ਲੱਗ ਗਏ, ਪਰ ਇਸ ਦਾ ਇਲਾਜ ਅਜੇ ਤੱਕ ਸੰਭਵ ਨਹੀਂ ਹੋ ਸਕਿਆ। ਪਿਛਲੇ 200 ਸਾਲਾਂ ਵਿੱਚ ਸਿਰਫ ਸਮਾਲਪਾਕਸ ਹੀ ਜੜ੍ਹ ਤੋਂ ਮਿਟਾਈ ਜਾ ਸਕੀ ਹੈ। ਇਸ ਤੋਂ ਬਿਨਾ ਇਨਸਾਨਾਂ ਨੂੰ ਹੋਣ ਵਾਲੀ ਕਿਸੇ ਇਨਫੈਕਸ਼ਨ ਦੀ ਬੀਮਾਰੀ ਨੂੰ ਅਜੇ ਤੱਕ ਜੜ੍ਹ ਤੋਂ ਖ਼ਤਮ ਨਹੀਂ ਕੀਤਾ ਜਾ ਸਕਿਆ।

ਅੱਜ ਦੁਨੀਆ ਭਰ ਦੇ ਵਿਗਿਆਨੀ ਕੋਰੋਨਾ ਵਾਇਰਸ ਨੂੰ ਜੜ੍ਹ ਤੋਂ ਖ਼ਤਮ ਕਰਨ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ। ਇਸ ਦੀ ਵੈਕਸੀਨ ਸਿਰਫ 10 ਮਹੀਨਿਆਂ 'ਚ ਤਿਆਰ ਕਰ ਲਈ ਗਈ ਹੈ। ਦੁਨੀਆ ਭਰ ਵਿੱਚ ਕੋਰੋਨਾ ਵਾਇਰਸ ਦੀਆਂ ਕਈ ਵੈਕਸੀਨਾਂ ਤਿਆਰ ਹੋ ਚੁੱਕੀਆਂ ਹਨ। ਇਨ੍ਹਾਂ ਨੂੰ ਬਣਾਉਣ ਵਾਲੀਆਂ ਕੰਪਨੀਆਂ ਆਪੋ-ਆਪਣੀ ਵੈਕਸੀਨ ਦੀ ਸਫਲਤਾ ਦੇ ਵੱਖ-ਵੱਖ ਦਾਅਵੇ ਕਰ ਰਹੀਆਂ ਹਨ। ਫਾਈਜ਼ਰ ਕੰਪਨੀ ਆਪਣੀ ਵੈਕਸੀਨ ਦੇ 95 ਫੀਸਦੀ ਤੱਕ ਪ੍ਰਭਾਵਸ਼ਾਲੀ ਹੋਣ ਦਾ ਦਾਅਵਾ ਕਰਦੀ ਹੈ। ਮਾਡਰਨਾ 94.5 ਫੀਸਦੀ, ਰੂਸ ਦੀ ਸਪੂਤਨਿਕ ਬੀ 95 ਫੀਸਦੀ, ਆਕਸਫੋਰਡ ਅਤੇ ਐਸਟ੍ਰਾਜੇਨੇਕਾ ਦੀ ਵੈਕਸੀਨ 90 ਫੀਸਦੀ ਅਤੇ ਭਾਰਤ ਵਿੱਚ ਬਣ ਰਹੀ ਕੋ-ਵੈਕਸੀਨ ਦੇ 60 ਤੱਕ ਸਫਲ ਹੋਣ ਦਾ ਅਨੁਮਾਨ ਲਾਇਆ ਜਾ ਰਿਹਾ ਹੈ। ਇਹ ਸਾਰੇ ਨਤੀਜੇ ਇੱਕ ਕੰਟਰੋਲ ਵਾਤਾਵਰਣ ਵਿੱਚ ਕੀਤੇ ਗਏ ਤੀਸਰੇ ਪੜਾਅ ਦੇ ਟ੍ਰਾਇਲ ਤੋਂ ਪ੍ਰਾਪਤ ਹੋਏ ਹਨ, ਪਰ ਜਦੋਂ ਇਹ ਆਮ ਲੋਕਾਂ ਤੱਕ ਪਹੁੰਚਗੀਆਂ ਤਾਂ ਇਨ੍ਹਾਂ ਦੀ ਸਫਲਤਾ ਦਰ ਕਾਫੀ ਹੇਠਾਂ ਡਿੱਗ ਜਾਵੇਗੀ।

ਟ੍ਰਾਇਲ ਦੇ ਦੌਰਾਨ ਲੋਕਾਂ ਨੂੰ ਦੋ ਗਰੁੱਪਾਂ 'ਚ ਵੰਡਿਆ ਜਾਂਦਾ ਹੈ, ਇਨ੍ਹਾਂ 'ਚੋਂ ਅੱਧੇ ਲੋਕਾਂ ਨੂੰ ਵੈਕਸੀਨ ਦਿੱਤੀ ਜਾਂਦੀ ਹੈ ਅਤੇ ਅੱਧੇ ਲੋਕਾਂ ਨੂੰ ਨਹੀਂ ਦਿੱਤੀ ਜਾਂਦੀ। ਫਾਈਜ਼ਰ ਦੇ ਟ੍ਰਾਇਲ 'ਚ 43 ਹਜ਼ਾਰ ਲੋਕ ਸ਼ਾਮਲ ਹੋਏ, ਇਨ੍ਹਾਂ 'ਚੋਂ 170 ਲੋਕਾਂ ਨੂੰ ਕੋਰੋਨਾ ਦਾ ਇਨਫੈਕਸ਼ਨ ਹੋਇਆ, ਪਰ ਇਨ੍ਹਾਂ ਵਿੱਚੋਂ 162 ਲੋਕਾਂ ਨੂੰ ਕੋਈ ਵੈਕਸੀਨ ਨਹੀਂ ਦਿੱਤੀ ਗਈ, 8 ਲੋਕਾਂ ਨੂੰ ਕੋਈ ਵੈਕਸੀਨ ਦਿੱਤੀ ਗਈ ਅਤੇ ਇਸੇ ਆਧਾਰ 'ਤੇ ਇਸ ਵੈਕਸੀਨ ਦੇ 95 ਫੀਸਦੀ ਤੱਕ ਸਫਲ ਹੋਣ ਦਾ ਦਾਅਵਾ ਕੀਤਾ ਗਿਆ ਹੈ। ਇਹ ਇਸ ਵੈਕਸੀਨ ਦੀ ਐਫੀਕੇਸੀ ਸੀ, ਇਫੈਕਟਿਵਨੈਸ ਨਹੀਂ। ਐਫੀਕੇਸੀ ਦਾ ਭਾਵ ਹੈ ਕਿ ਟ੍ਰਾਇਲ ਦੌਰਾਨ ਇਸ ਵੈਕਸੀਨ 'ਚ ਲੋਕਾਂ ਨੂੰ 95 ਫੀਸਦੀ ਤੱਕ ਠੀਕ ਕਰਨ ਦੀ ਸਮਰੱਥਾ ਪਾਈ ਗਈ। ਆਮ ਤੌਰ 'ਤੇ ਟ੍ਰਾਇਲ 'ਚ ਸ਼ਾਮਲ ਲੋਕ ਤੰਦਰੁਸਤ ਹੁੰਦੇ ਹਨ। ਉਨ੍ਹਾਂ ਨੂੰ ਪਹਿਲਾਂ ਗੰਭੀਰ ਰੋਗ ਨਹੀਂ ਹੁੰਦਾ। ਜਦੋਂ ਇਹੀ ਵੈਕਸੀਨ ਦੁਨੀਆ ਦੇ ਕਰੋੜਾਂ ਲੋਕਾਂ ਨੂੰ ਦਿੱਤੀ ਗਈ ਤਾਂ ਇਸਦੇ ਅਸਲੀ ਅਸਰ ਦਾ ਪਤਾ ਲੱਗੇਗਾ। ਕਿਉਂਕਿ 'ਦਿ ਲੈਸੇਂਟ ਮੈਡੀਕਲ ਜਰਨਲ' ਦੇ ਅਨੁਸਾਰ ਦੁਨੀਆ ਦੇ 95 ਫੀਸਦੀ ਲੋਕਾਂ ਨੂੰ ਪਹਿਲਾਂ ਹੀ ਕੋਈ ਨਾ ਕੋਈ ਬੀਮਾਰੀ ਹੁੰਦੀ ਹੈ, ਇਸ ਲਈ ਜਦੋਂ ਇਹ ਵੈਕਸੀਨ ਲੋਕਾਂ ਨੂੰ ਦਿੱਤੀ ਤਾਂ ਸਹੀ ਤੌਰ 'ਤੇ ਵੱਖ-ਵੱਖ ਲੋਕਾਂ ਅਤੇ ਵੱਖ-ਵੱਖ ਹਾਲਤਾਂ 'ਤੇ ਇਨ੍ਹਾਂ ਦੀ ਸਫਲਤਾ ਦੀ ਫੀਸਦੀ ਦਾ ਪਤਾ ਲੱਗੇਗਾ।

ਦੁਨੀਆ ਭਰ ਦੇ ਦੇਸ਼ਾਂ ਨੇ ਇਹ ਵੱਖ-ਵੱਖ ਵੈਕਸੀਨਾਂ ਖਰੀਦਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ, ਪਰ ਸਾਰੇ ਦੇਸ਼ ਅਗਲੇ ਇੱਕ ਸਾਲ 'ਚ ਸਿਰਫ 20 ਤੋਂ 25 ਫੀਸਦੀ ਲੋਕਾਂ ਨੂੰ ਹੀ ਇਹ ਵੈਕਸੀਨ ਦੇ ਸਕਣਗੇ। ਪਹਿਲੇ ਪੜਾਅ 'ਚ ਇਹ ਵੈਕਸੀਨ ਸਿਹਤ ਕਾਮਿਆਂ ਨੂੰ ਮਿਲੇਗੀ, ਦੂਸਰੇ ਪੜਾਅ 'ਚ ਸੋਸ਼ਲ ਕੇਅਰ ਵਰਕਰਜ਼ ਨੂੰ ਮਿਲੇਗੀ, ਤੀਸਰੇ ਪੜਾਅ 'ਚ 65 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਮਿਲੇਗੀ ਅਤੇ ਚੌਥੇ ਪੜਾਅ 'ਚ ਆਮ ਜਨਤਾ ਨੂੰ ਦਿੱਤੀ ਜਾਵੇਗੀ।

ਆਮ ਤੌਰ 'ਤੇ ਵੈਕਸੀਨ ਨੂੰ 2 ਤੋਂ 3 ਡਿਗਰੀ ਸੈਲਸੀਅਸ ਤਾਪਮਾਨ 'ਤੇ ਸਟੋਰ ਕਰਨ ਦੀ ਲੋੜ ਹੁੰਦੀ ਹੈ। ਅਮੀਰ ਦੇਸ਼ਾਂ ਵਿੱਚ ਇਨ੍ਹਾਂ ਦੇ ਰੱਖ-ਰਖਾਅ 'ਚ ਕੋਈ ਮੁਸ਼ਕਲ ਨਹੀਂ ਹੋਵੇਗੀ, ਪਰ ਗਰੀਬ ਤੇ ਵਿਕਾਸਸ਼ੀਲ ਦੇਸ਼ਾਂ 'ਚ ਜਿੱਥੇ ਸਰੋਤਾਂ ਦੀ ਘਾਟ ਹੈ ਅਤੇ ਬਿਜਲੀ ਦੀ ਸਮੱਸਿਆ ਹੈ, ਉਥੇ ਇਨ੍ਹਾਂ ਨੂੰ ਸਟੋਰ ਕਰਕੇ ਰੱਖਣਾ ਔਖਾ ਕੰਮ ਹੋ ਸਕਦਾ ਹੈ। ਵੈਕਸੀਨ ਇਨਫੈਕਸ਼ਨ ਦੇ ਬਾਅਦ ਨਹੀਂ, ਸਗੋਂ ਇਨਫੈਕਸ਼ਨ ਤੋਂ ਬਚਾਅ ਲਈ ਦਿੱਤੀ ਜਾਂਦੀ ਹੈ, ਜ਼ਿਆਦਾਤਰ ਵੈਕਸੀਨਾਂ ਬਣਾਉਣ 'ਚ ਇਸੇ ਦੇ ਕਮਜ਼ੋਰ ਹੋ ਚੁੱਕੇ ਵਾਇਰਸ ਦੀ ਵਰਤੋਂ ਕੀਤੀ ਜਾਂਦੀ ਹੈ ਜਾਂ ਮਰੇ ਹੋਏ ਵਾਇਰਸ ਤੋਂ ਵੈਕਸੀਨ ਬਣਾਈ ਜਾਂਦੀ ਹੈ। ਇਸ ਲਈ ਇਸ ਵੈਕਸੀਨ ਦੇ ਲੱਗਣ ਪਿੱਛੋਂ ਲੋਕਾਂ 'ਚ ਕੋਵਿਡ-19 ਦੇ ਲੱਛਣ ਦਿੱਸ ਸਕਦੇ ਹਨ ਜਿਵੇਂ ਤੇਜ਼ ਬੁਖਾਰ ਚੜ੍ਹਨਾ, ਮਸਲਜ਼ 'ਚ ਦਰਦ, ਧਿਆਨ ਇਕਾਗਰ ਕਰਨ 'ਚ ਕਮੀ ਅਤੇ ਸਿਰ ਦਰਦ ਦੀ ਸ਼ਿਕਾਇਤ ਹੋਣੀ। ਇਹ ਇਸ ਲਈ ਹੁੰਦਾ ਹੈ ਕਿ ਸਰੀਰ ਦੀ ਪ੍ਰਤੀਰੋਧਕ ਸਮਰੱਥਾ ਇਸ ਵਾਇਰਸ ਨੂੰ ਪਛਾਣ ਕੇ ਉਸ ਨਾਲ ਲੜਨ ਲੱਗਦੀ ਹੈ ਤੇ ਇੱਥੋਂ ਵਾਇਰਸ ਦੇ ਵਿਰੁੱਧ ਇਮਿਊਨਿਟੀ ਤਿਆਰ ਹੁੰਦੀ ਹੈ। ਇਸ ਤੋਂ ਬਾਅਦ ਵੈਕਸੀਨ ਦੀ ਦੂਸਰੀ ਡੋਜ਼ ਦਿੱਤੀ ਜਾਂਦੀ ਹੈ।

ਇਸ ਦੇ ਭੈੜੇ ਅਸਰ ਪਹਿਲਾਂ ਤੋਂ ਘੱਟ ਹੁੰਦੇ ਹਨ। ਇਨਫੈਕਸ਼ਨ ਦੇ ਵਿਰੁੱਧ ਅਕਸਰ ਚਾਰ ਕਿਸਮ ਦੀਆਂ ਵੈਕਸੀਨਾਂ ਕੰਮ ਕਰਦੀਆਂ ਹਨ। ਪਹਿਲੀ ਹੈ ਜੈਨੇਟਿਕ ਵੈਕਸੀਨ, ਇਸ 'ਚ ਵਾਇਰਸ ਦੇ ਜੀਨਸ ਸਰੀਰ ਦੀ ਪ੍ਰਤੀਰੋਧਕ ਸਮਰੱਥਾ ਨੂੰ ਸਰਗਰਮ ਕਰਦੇ ਹਨ। ਦੂਸਰੀ ਵਾਇਰਲ ਵੈਕਟਰ ਵੈਕਸੀਨ, ਇਹ ਵੈਕਸੀਨ ਸਰੀਰ ਦੇ ਸੈਲਾਂ ਵਿੱਚ ਜਾਂਦੀ ਅਤੇ ਸੈੱਲ ਵਾਇਰਸ ਨਾਲ ਲੜਨ ਵਾਲੇ ਪ੍ਰੋਟੀਨ ਬਣਾਉਣ ਲੱਗਦੇ ਹਨ। ਤੀਸਰੀ ਪ੍ਰੋਟੀਨ ਆਧਾਰ ਵੈਕਸੀਨ ਵਿੱਚ ਕੋਰੋਨਾ ਵਾਇਰਸ ਦੇ ਪ੍ਰੋਟੀਨ ਹੁੰਦੇ ਹਨ। ਚੌਥੀ ਗੈਰ-ਸਰਗਰਮ ਵੈਕਸੀਨ, ਜੋ ਕਮਜ਼ੋਰ ਜਾਂ ਗੈਰ-ਸਰਗਰਮ ਹੋ ਚੁੱਕੇ ਵਾਇਰਸ ਤੋਂ ਬਣਦੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## -ਹਲਕਾ ਫੁਲਕਾ-

ਦੋ ਸਹੇਲੀਆਂ ਆਪਸ ਵਿੱਚ ਗੱਲਾਂ ਕਰ ਰਹੀਆਂ ਸਨ। ਪਹਿਲੀ ਬੋਲੀ, "ਕੱਲ੍ਹ ਇੱਕ ਮੁੰਡੇ ਨੇ ਮੇਰਾ ਬੜਾ ਅਪਮਾਨ ਕੀਤਾ।"

ਦੂਜੀ, "ਉਹ ਕਿਵੇਂ?"

ਪਹਿਲੀ, "ਉਹ ਮੈਨੂੰ ਪੁੱਛਣ ਲੱਗਾ ਕਿ ਤੈਨੂੰ ਗਾਉਣਾ ਆਉਂਦਾ ਹੈ?"

ਦੂਜੀ, "ਇਸ ਵਿੱਚ ਅਪਮਾਨ ਕਿਵੇਂ ਹੋਇਆ? ਸਿੱਧੀ ਜਿਹੀ ਗੱਲ ਤਾਂ ਪੁੱਛੀ ਸੀ ਉਸ ਨੇ।"

ਪਹਿਲੀ, "...ਪਰ ਉਸ ਨੇ ਕਾਫੀ ਦੇਰ ਤੱਕ ਮੇਰਾ ਗਾਣਾ ਸੁਣਨ ਤੋਂ ਬਾਅਦ ਇਹ ਸਵਾਲ ਕੀਤਾ ਸੀ।"

# ਧਰਤੀ ਦੀ ਹੋਂਦ ਖਤਰੇ ਵਿੱਚ, ਧਰਤੀ ਪੁੱਤਰ ਜਾਗਣ

-ਮਾਸਟਰ ਮੋਹਨ ਲਾਲ

ਹਾਕਮ ਵਰਗ ਦਾ ਫਰਜ਼ ਹੈ ਕਿ ਉਹ ਦੇਸ਼ ਵਾਸੀਆਂ ਦੇ ਸੁਖਾਵੇਂ ਰਹਿਣ-ਸਹਿਣ ਦੀ ਵਿਵਸਥਾ ਕਰੇ। ਦੂਜਾ ਉਹ ਦੇਸ਼ ਧ੍ਰੋਹੀਆਂ, ਦੁਸ਼ਟਾਂ ਅਤੇ ਧਰਤੀ ਦੇ ਦੁਖੀ ਵਿਅਕਤੀਆਂ ਨੂੰ ਸਜ਼ਾ ਦੇਵੇ। ਹਾਕਮ ਵਰਗ ਕੌਣ ਹੈ? ਅਜੋਕੇ ਪ੍ਰਜਾਤੰਤਰਿਕ ਢਾਂਚੇ 'ਚ ਕੇਂਦਰ ਸਰਕਾਰ ਸੈਂਟਰ 'ਚ ਅਤੇ ਰਾਜ ਸਰਕਾਰ ਸੂਬੇ 'ਚ ਪਰਜਾ ਪਾਲਕ ਅਤੇ ਧਰਤੀ ਰੱਖਿਅਕ ਕਹੀ ਗਈ ਹੈ। ਪਰਜਾ ਦੀ ਰੱਖਿਆ ਨਿਆਂ ਪਾਲਿਕਾ ਕਰਵਾ ਲਵੇਗੀ, ਪਰ ਧਰਤੀ ਦੀ ਰਾਖੀ ਕਰਨੀ ਸਰਕਾਰਾਂ ਦੀ ਜੁਆਬੇਦਹੀ ਹੈ।

ਕੋਰੋਨਾ ਮਹਾਮਾਰੀ ਦੇ ਇਸ ਸਮੇਂ ਪਰਜਾ ਤਣਾਅ 'ਚ ਹੈ। ਧਰਤੀ ਬਹੁਤ ਜ਼ਿਆਦਾ ਸ਼ੋਸ਼ਣ ਨਾਲ ਕੁਰਲਾ ਰਹੀ ਹੈ। ਟੈਲੀਵਿਜ਼ਨ ਦੇ ਅਨੁਸਾਰ ਤਾਮਿਲ ਨਾਡੂ, ਪੁਡੂਚੇਰੀ ਅਤੇ ਆਂਧਰਾ ਪ੍ਰਦੇਸ਼ ਦੇ ਸਮੁੰਦਰੀ ਕੰਢੇ ਦੇ ਇਲਾਕਿਆਂ 'ਚ ਚੱਕਰਵਾਤ ਨਾਲ ਤਬਾਹੀ ਹੋਈ ਹੈ। ਸੁਨਾਮੀ ਦਾ ਕਹਿਰ ਮੁੜ ਦਹਾੜਨ ਲੱਗਾ ਹੈ। ਠੰਢ ਕੜਾਕੇ ਦੀ ਪੈਣ ਲੱਗੀ ਹੈ ਅਤੇ ਪਿਛੇ ਜੁਲਾਈ-ਅਗਸਤ 'ਚ ਨਦੀਆਂ ਹੜ੍ਹ ਨਾਲ ਖੂਬ ਨੱਕੋ-ਨੱਕ ਭਰੀਆਂ ਸਨ। ਪਹਾੜ ਖਿਸਕਣ ਲੱਗੇ ਹਨ ਅਤੇ ਭਾਰਤ ਦੀ ਆਸਥਾ ਤੇ ਏਕਤਾ ਦਾ ਪ੍ਰਤੀਕ ਕੇਦਾਰਨਾਥ ਮੰਦਰ ਖਤਰੇ ਦੇ ਕੰਢੇ 'ਤੇ ਹੈ। ਇਹ ਸਭ ਕਿਉਂ? ਅੱਜ ਤੱਕ ਮਨੁੱਖ ਦੇ ਬੌਧਿਕ, ਸੱਭਿਆਚਾਰਕ ਅਤੇ ਵਿਗਿਆਨਕ ਵਿਕਾਸ 'ਚ ਧਰਤੀ ਮਾਂ ਦਾ ਸਹਿਯੋਗ ਰਿਹਾ ਹੈ। ਉਸ ਧਰਤੀ ਦੇ ਅੰਗ-ਅੰਗ ਨੂੰ ਉਸੇ ਦੇ ਪੁੱਤਰਾਂ ਨੇ ਨੰਗਾ ਕਰ ਦਿੱਤਾ। ਜ਼ਮੀਨ ਦੇ ਜਿਸ ਉਪਜਾਊ ਹੋਣ 'ਤੇ ਮਨੁੱਖ ਨੂੰ ਮਾਣ ਹੋਣਾ ਚਾਹੀਦਾ ਸੀ, ਉਹੀ ਉਪਜਾਊਪੁਣਾ ਮਨੁੱਖ ਨੇ ਆਪਣੇ ਸਵਾਰਥ ਲਈ ਖਤਮ ਕਰ ਦਿੱਤਾ। ਧਰਤੀ ਦਾ ਸ਼ਿੰਗਾਰ ਨਦੀਆਂ ਗੰਦੇ ਨਾਲੇ ਬਣਾ ਦਿੱਤੀਆਂ, ਹਵਾ ਪ੍ਰਦੂਸ਼ਣ ਨਾਲ ਭਰ ਦਿੱਤੀ, ਇਸ ਧਰਤੀ ਦੀ ਮਿੱਟੀ 'ਚ ਜ਼ਹਿਰ ਘੋਲ ਦਿੱਤਾ ਅਤੇ ਪਾਣੀ 'ਚ ਸ਼ਹਿਰਾਂ ਦੇ ਸੀਵਰੇਜ ਨੂੰ ਮਿਲਾ ਦਿੱਤਾ।

ਉਪਰੋਂ ਉਹੀ ਧਰਤੀ ਪੁੱਤਰ ਕਹਿਣ ਲੱਗਾ, "ਮੈਂ ਵਿਕਾਸ ਵੱਲ ਵਧ ਰਿਹਾ ਹਾਂ, ਮੈਂ ਵੱਡੇ-ਵੱਡੇ ਕਾਰਖਾਨੇ ਖੜ੍ਹੇ ਕਰ ਲਏ। ਆਸਮਾਨ ਮੇਰੀ ਮੁੱਠੀ 'ਚ ਹੈ। ਚੰਦ 'ਤੇ ਮੈਂ ਪੈਰ ਰੱਖ ਲਏ ਹਨ। ਮੰਗਲ ਗ੍ਰਹਿ ਮੈਂ ਪੁੱਜ ਗਿਆ ਹਾਂ।" ਜਿਸ ਧਰਤੀ 'ਤੇ ਮਨੁੱਖ ਨੇ ਜਨਮ ਲਿਆ, ਵਿਕਾਸ ਕੀਤਾ, ਉਸਦਾ ਰੂਪ ਵਿਗਾੜ ਦਿੱਤਾ। ਫਿਰ ਮੰਗਲ ਗ੍ਰਹਿ 'ਤੇ ਇਹ ਵਿਕਾਸ ਕਰਨ ਵਾਲਾ ਮਨੁੱਕ ਗੰਦਗੀ ਹੀ ਫੈਲਾਵੇਗਾ? ਧਰਤੀ 'ਤੇ ਤਾਂ ਰਹਿਣਾ ਸਿੱਖਿਆ ਨਹੀਂ।

ਹੋਰ ਵੀ ਤ੍ਰਾਸਦੀ ਦੇਖੋ ਇਸ ਮਨੁੱਖ ਦੀ ਕਿ ਆਪਣੀ ਮੌਜ 'ਚ ਮਸਤ ਫਿਰਦਾ ਹੈ। ਮੈਂ ਅੱਜ ਵੀ ਯੱਗ ਦੀ ਵੇਦੀ 'ਤੇ 'ਵੇਦ ਮੰਤਰਾਂ' ਨਾਲ ਆਹੂਤੀਆਂ ਪਾ ਰਿਹਾ ਹਾਂ। ਯੱਗ ਦਾ ਅਰਥ ਸਮਝ ਆਇਆ ਨਹੀਂ ਇਸ ਧਰਤੀ ਪੁੱਤਰ ਨੂੰ। ਯੱਗ ਦਾ ਅਰਥ ਹੈ ਸਮੁੱਚੀ ਮਨੁੱਖ ਜਾਤੀ ਦਾ 'ਲੋਕ ਹਿਤ'। ਯੱਗ ਦਾ ਅਰਥ ਹੈ ਪਰਉਪਕਾਰ ਕਰਨਾ। ਇਸ ਲੋਕ ਹਿੱਤ ਦੇ ਲਈ ਸਾਡੇ ਰਿਸ਼ੀਆਂ-ਮੁਨੀਆਂ ਨੇ ਯੱਗ ਕੀਤੇ, ਪਰ ਇਸ ਧਰਤੀ ਪੁੱਤਰ ਨੇ ਯੱਗ ਸੱਭਿਆਚਾਰ ਦੇ ਨਾਂ 'ਤੇ ਵੀ ਧਰਤੀ ਨੂੰ ਵਿਗਾੜ ਕੇ ਰੱਖ ਦਿੱਤਾ। ਇਸ ਧਰਤੀ ਦਾ ਪੁੱਤਰ ਹੋ ਕੇ ਵੀ ਇਸ ਧਰਤੀ ਦਾ ਨਿਰਾਦਾਰ ਕੀਤਾ। ਆਪਣਾ ਪਰਵਾਰ ਇਸ ਧਰਤੀ 'ਤੇ ਪਾਲਿਆ। ਪੈਸਾ, ਇੱਜ਼ਤ-ਮਾਣ ਇਸ ਧਰਤੀ ਤੋਂ ਹਾਸਲ ਕੀਤਾ ਅਤੇ ਮਾਈਨਿੰਗ ਕਰ ਕੇ ਇਸ ਧਰਤੀ ਨੂੰ 'ਡਾਇਨ' ਬਣਾ ਦਿੱਤਾ। ਧਰਤੀ ਦੀ ਹੋਂਦ ਖ਼ਤਮ ਕਰ ਦਿੱਤੀ। ਫਿਰ ਖੁਦ ਸੋਚ ਲਓ ਧਰਤੀ ਨਾ ਰਹੀ ਤਾਂ ਮਨੁੱਖੀ ਜ਼ਿੰਦਗੀ ਵੀ ਨਹੀਂ ਰਹੇਗੀ। ਇਸ ਲਈ, ਹੇ ਮਨੁੱਖ, ਧਰਤੀ ਦੀ ਵੰਦਨਾ ਕਰ। ਸਵੇਰੇ ਉਠ ਕੇ ਇਸ ਧਰਤੀ ਨੂੰ ਬਚਾਉਣ ਦਾ ਵਚਨ ਕਰ।

ਯੱਗ ਵਿੱਚ ਮਨੁੱਖ ਇਹੀ ਕਹਿੰਦਾ ਹੈ ਨਾ 'ਸਮੁੰਦਰ ਵਸਨੇ ਦੇਵੀ, ਪਰਵਤਸਤਨ ਮੰਡਲੇ।' ਧਰਤੀ ਦੇ ਪਰਵਤਾਂ ਨੂੰ ਤੂੰ ਕੱਟ ਕੇ ਪੱਧਰਾ ਕਰਕੇ ਧਰਤੀ ਮਾਂ ਦੀ ਹਿੱਕ ਖੁਦ ਕੱਟ ਦਿੱਤੀ। ਯੱਗ ਕਰਨ ਦਾ ਕੀ ਫਾਇਦਾ? ਮਨੁੱਖ ਅਖਵਾਉਣ ਵਾਲੇ ਪ੍ਰਾਣੀ ਇਸ ਧਰਤੀ ਮਾਂ ਨੂੰ ਪਛਾਣ, ਨਹੀਂ ਤਾਂ ਰੋਜ਼ ਸਮੁੰਦਰ 'ਚ 'ਸੁਨਾਮੀ' ਆਵੇਗੀ। ਯੱਗ ਸੱਭਿਆਚਾਰ 'ਚ ਰਾਜਸੂਰਿਆ ਯੱਗ, ਵਾਜਪੇਯੱਗ ਅਤੇ ਅਸ਼ਵਮੇਧ ਯੱਗ ਇਸ ਲਈ ਹੁੰਦੇ ਸਨ ਕਿ ਧਰਤੀ ਦਾ ਵਿਕਾਸ ਹੋਵੇ, ਰਾਸ਼ਟਰ ਦੀ ਤਰੱਕੀ ਹੋਵੇ। ਇਸੇ ਭਾਵਨਾ ਨੂੰ ਧਿਆਨ 'ਚ ਰੱਖ ਕੇ ਦੇਵ ਸ਼੍ਰੇਣੀ ਦੇ ਮਹਾਪੁਰਖਾਂ ਨੇ ਅੱਤਿਆਚਾਰੀ ਰਾਕਸ਼ਾਂ ਦਾ ਖਾਤਮਾ ਕਰਕੇ ਇਸ ਧਰਤੀ ਦਾ ਭਾਰ ਹਲਕਾ ਕੀਤਾ। ਹੇ ਮਨੁੱਖ! ਧਰਤੀ ਦਾ ਮਹੱਤਵ ਪਛਾਣ। ਧਰਤੀ ਨੂੰ ਵਿਸ਼ੰਭਰਾ, ਵਸੂਧਾਰੀ, ਵਸੁੰਦਰਾ, ਪ੍ਰਤਿਸ਼ਠਾ, ਹਿਰਣਯਾਵਕਸ਼ਾ, ਵੈਸ਼ਵਾਨਰ (ਗਿਆਨ ਦੀ ਅਗਨੀ ਨੂੰ ਧਾਰਨ ਕਰਨ ਵਾਲੀ) ਆਦਿ ਵਿਸ਼ੇਸ਼ਣਾਂ ਨਾਲ ਐਵੇਂ ਹੀ ਅਲੰਕ੍ਰਿਤ ਨਹੀਂ ਕੀਤਾ ਜਾਂਦਾ। ਹਰ ਤਰ੍ਹਾਂ ਦੇ ਰਤਨਾਂ ਅਤੇ ਮਹਾਪੁਰਖਾਂ ਦੀ ਜਨਮਦਾਤੀ ਹੋਣ ਕਾਰਨ ਧਰਤੀ ਨੂੰ 'ਵਸੂਧਾਨੀ' ਕਿਹਾ ਹੈ। ਸਮੁੱਚੀ ਧਰਤੀ ਦਾ ਆਧਾਰ ਹੋਣ ਕਾਰਨ ਇਸ ਨੂੰ ਪ੍ਰਤਿਸ਼ਠਾ ਕਿਹਾ ਹੈ। ਇਸ ਧਰਤੀ ਦੀ ਰੱਖਿਆ ਤਦੇ ਸੰਭਵ ਹੈ ਜੇ ਸਾਰੇ ਲੋਕ ਆਪੋ-ਆਪਣਾ ਘੁਮੰਡ ਛੱਡ ਕੇ ਧਰਤੀ ਨੂੰ ਦੇਵੀ ਮੰਨਣ। ਸੱਤਾਧਾਰੀਆਂ ਨੇ ਖੁਦ ਨੂੰ ਧਰਤੀ 'ਤੇ ਰਾਜਾ ਮੰਨਿਆ ਹੈ। ਕੋਈ ਪ੍ਰਿਥਵੀਪਤੀ, ਕੋਈ ਪ੍ਰਿਥਵੀ ਪਾਲ, ਕੋਈ ਪ੍ਰਿਥਵੀ ਚੰਦ ਕਹਾਇਆ। ਹੋਰ ਕਈ 'ਪ੍ਰਿਥਵੀ ਵੱਲਭ' ਅਖਵਾ ਗਏ।

ਇਸੇ ਧਰਤੀ 'ਤੇ ਰਾਮਾਇਣ, ਮਹਾਭਾਰਤ ਵਰਗੇ ਮਹਾਕਾਵਿ ਰਚੇ ਗਏ। ਇਸੇ ਧਰਤੀ 'ਤੇ ਜਾਸੂਸ, ਵਿਗਿਆਨੀ, ਕਵੀ, ਸਾਹਿਤਕਾਰ, ਰਾਜਸ਼ੀ, ਚੱਕਰਵਰਤੀ ਸਮਰਾਟ ਰਾਜੇ, ਮਹਾਰਾਜੇ, ਨੇਤਾ-ਪ੍ਰਨੇਤਾ ਹੋਏ। ਇਸੇ ਧਰਤੀ ਉਤੇ ਸਮੁੰਦਰ ਮੰਥਨ ਹੋਇਆ। ਦੇਵ ਦਾਨਵ, ਮਾਨਵ, ਕਿੰਨਰ, ਗੰਦਰਭ, ਮਹਾਤਮਾ-ਪਰਮਾਤਮਾ ਇਸੇ ਧਰਤੀ ਉਤੇ ਹੋਏ। 'ਭੂਮੀ ਮਾਤਾ ਪੁਤਰੋਹਿ ਹਮ ਪ੍ਰਿਥਵੀ ਮਿਅਮ।' ਧਰਤੀ ਮਾਂ ਹੈ ਅਤੇ ਅਸੀਂ ਸਾਰੇ ਇਸ ਦੇ ਪੁੱਤਰ ਹਾਂ। ਸਾਰੀਆਂ ਸੱਭਿਆਤਾਵਾਂ, ਵਿਗੜਾਂ ਦਾ ਜਨਮ ਇਸੇ ਧਰਤੀ 'ਤੇ ਹੋਇਆ। ਇਸ ਲਈ ਹੇ ਮਨੁੱਖ, ਧਰਤੀ ਦਾ ਧਿਆਨ ਕਰ। ਧਰਤੀ ਦੀ ਹਿੱਕ 'ਤੇ ਨਦੀਆਂ, ਸਾਗਰ, ਪਰਵਤ, ਜੰਗਲ ਤੇ ਮਹਿਲ ਸਭ ਕੁਝ ਹੈ। ਧਰਤੀ ਨਾਲ ਹੀ ਆਕਾਸ਼, ਪਾਤਾਲ, ਸੂਰਜ, ਚੰਦ ਅਤੇ ਨਕਸ਼ੱਤਰਾਂ ਦੀ ਸ਼ੋਭਾ ਹੈ। ਧਰਤੀ ਹੈ ਤਾਂ ਪ੍ਰਾਣੀ ਮਾਤਰ ਦੀ ਜ਼ਿੰਦਗੀ ਹੈ। ਧਰਤੀ ਹੈ ਤਾਂ ਪਸ਼ੂ-ਪੰਛੀ ਜਾਂ ਹੋਰ ਜੀਵ-ਜੰਤੂ ਹਨ। ਧਰਤੀ ਹੈ ਤਾਂ ਬੱਦਲ, ਮੀਂਹ, ਬਰਫ਼, ਗਰਮੀ, ਸਰਦੀ, ਪਤਝੜ ਆਦਿ ਦੇ ਨਾਂ ਹਨ। ਕਲਪਨਾ ਕਰੋ ਕਿ ਜੇ ਇਹ ਧਰਤੀ ਨਾ ਹੁੰਦੀ ਤਾਂ ਕੀ ਹੁੰਦਾ? ਜ਼ਿੰਦਗੀ ਹੀ ਨਾ ਹੁੰਦੀ। ਧਰਤੀ ਹੈ ਤਾਂ ਸਭ ਕੁਝ ਹੈ। ਧਰਤੀ ਨਹੀਂ ਤਾਂ ਕੁਝ ਵੀ ਨਹੀਂ।

ਫਿਰ ਰਾਜਾ ਆਪਣਾ ਰਾਜ ਧਰਮ ਪਛਾਣੇ। ਮਨੁੱਖ ਧਰਤੀ ਪ੍ਰਤੀ ਕਰਤੱਵ ਪਛਾਣੇ। ਧਰਤੀ ਨਾਲ ਰਾਜਾ ਅਤੇ ਪਰਜਾ ਆਪਣਾਪਣ ਜੋੜੇ। ਧਰਤੀ ਦੀ ਪਵਿੱਤਰਤਾ, ਵੱਕਾਰ ਬਹਾਲ ਕਰੇ। ਨਦੀਆਂ ਦੀ ਸਫਾਈ ਜੰਗੀ ਪੱਧਰ 'ਤੇ ਹੋਵੇ। ਮਿੱਟੀ 'ਚ ਜ਼ਹਿਰੀਲੀਆਂ ਕੀਟਨਾਸ਼ਕ ਦਵਾਈਆਂ ਨਾ ਛਿੜਕੇ।

ਧਰਤੀ ਮਰ ਚੁੱਕੀ ਹੈ। ਇਸ ਨੂੰ ਮੁੜ ਜ਼ਿੰਦਾ ਕਰਨ ਲਈ ਸਰਕਾਰਾਂ ਯੋਜਨਾਵਾਂ ਬਣਾਉਣ। ਜੰਗਲ ਨਾ ਵੱਢੋ, ਹਰੇਕ ਮਨੁੱਖ ਰੁੱਖ ਲਾਵੇ ਤੇ ਲਾਏ ਗਏ ਰੁੱਖਾਂ ਦੀ ਬੱਚਿਆਂ ਵਾਂਗ ਪਾਲਣਾ ਕਰੇ। ਪਰਬਤਾਂ ਨਾਲ ਛੇੜਖਾਨੀ ਨਾ ਹੋਵੇ, ਸਮੁੰਦਰਾਂ ਵਿੱਚ ਪੈਟਰੋਲ, ਡੀਜ਼ਲ ਜਾਂ ਹੋਰ ਗੰਦਗੀ ਫੈਲਾਉਣ ਵਾਲੇ ਪਦਾਰਥ ਨਾ ਸੁੱਟੇ ਜਾਣ। ਘੱਟੋ-ਘੱਟ ਭਾਰਤੀ ਸੱਭਿਆਚਾਰ ਪ੍ਰਤੀ ਗੰਗਾ, ਯਮੁਨਾ, ਕ੍ਰਿਸ਼ਨਾ, ਗੋਦਾਵਰੀ, ਕਾਵੇਰੀ, ਭਦਰਾਵਤੀ ਵਰਗੀਆਂ ਪਵਿੱਤਰ ਨਦੀਆਂ ਆਪਣੇ ਪ੍ਰਾਚੀਨ ਮਾਣ ਵੱਲ ਪਰਤ ਆਉਣ। ਪਾਣੀ ਦੂਸ਼ਿਤ ਕਰਨ ਵਾਲਿਆਂ ਨੂੰ ਸਜ਼ਾ ਮਿਲੇ। ਹਵਾ 'ਚ ਗੁਣਵੱਤਾ ਬਣੀ ਰਹੇ। ਇਸ ਲਈ ਸਰਕਾਰਾਂ ਜੰਗੀ ਪੱਧਰ 'ਤੇ ਯੋਜਨਾਵਾਂ ਲਾਗੂ ਕਰਾਉਣ। ਪਵਨ ਗੁਰੂ, ਪਾਣੀ ਪਿਤਾ ਤੇ ਧਰਤੀ ਨੂੰ ਮਨੁੱਖ ਜਾਤੀ ਮਾਂ ਮੰਨ ਕੇ ਇਨ੍ਹਾਂ ਨੂੰ ਸ਼ੁੱਧ ਕਰਨ। ਇਹ ਧਰਤੀ ਨੂੰ ਬਚਾ ਕੇ ਰੱਖਣ ਦੇ ਸੌਖੇ ਢੰਗ ਹਨ। ਨਹੀਂ ਤਾਂ ਜੇ ਧਰਤੀ ਦੀ ਹੋਂਦ ਖਤਰੇ 'ਚ ਪਈ ਤਾਂ ਕੋਰੋਨਾ ਵਰਗੀਆਂ ਮਹਾਮਾਰੀਆਂ ਆਉਂਦੀਆਂ ਰਹਿਣਗੀਆਂ। ਨਦੀਆਂ ਤੇ ਸਮੁੰਦਰ ਮਨੁੱਖ ਜਾਤੀ ਨੂੰ ਸਤਾਉਂਦੇ ਰਹਿਣਗੇ। ਧਰਤੀ ਨਿੰਦਕ ਧਰਤੀ ਨੂੰ ਜ਼ਹਿਰਾਂ ਬਣਾਉਣ ਵਾਲੇ ਦੁਸ਼ਟਾਂ ਦਾ ਖਾਤਮਾ ਹੋਵੇ। ਧਰਤੀ ਸਦਾ ਵਸਦੀ ਰਹੇ, ਸਲਾਮਤ ਰਹੇ, ਯੁੱਧ ਬੰਦ ਹੋਣ।










# ਕਿਰਤ ਦੀ ਲੜਾਈ 'ਟੁਕੜੇ-ਟੁਕੜੇ' ਲੜਨ ਦੀ ਥਾਂ ਇਕੱਠੇ ਹੋਣਾ ਪਵੇਗਾ



ਜਤਿੰਦਰ ਪੰਨੂ



ਭਾਰਤ ਦਾ ਆਮ ਆਦਮੀ ਇਸ ਵਕਤ ਆਪਣੀ ਹੋਂਦ ਅਤੇ ਭਵਿੱਖ ਦੀ ਲੜਾਈ ਲੜ ਰਿਹਾ ਹੈ। ਕਿਸਾਨ ਸੰਘਰਸ਼ ਉਸ ਵੱਡੀ ਲੜਾਈ ਦਾ ਇੱਕ ਅਹਿਮ ਪੜਾਅ ਹੈ, ਪਰ ਇੱਕੋ-ਇੱਕ ਨਹੀਂ। ਲੜਾਈ ਇਸ ਤੋਂ ਬਹੁਤ ਅਗਾਂਹ ਤੱਕ ਜਾਣ ਦਾ ਸੰਕੇਤ ਦੇਂਦੀ ਹੈ, ਪਰ ਭਾਰਤ ਦਾ ਆਮ ਆਦਮੀ ਜਿਸ ਤਰ੍ਹਾਂ ਲੜ ਰਿਹਾ ਹੈ, ਉਹ ਠੀਕ ਸੇਧ ਵਿੱਚ ਨਹੀਂ। ਭਾਰਤ ਦੀ ਵਾਗ ਸੰਭਾਲੀ ਬੈਠੀ ਸਭ ਤੋਂ ਵੱਡੀ ਪਾਰਟੀ ਭਾਜਪਾ ਦੇ ਬੁਲਾਰੇ ਤੇ ਉਨ੍ਹਾਂ ਵਾਲੀ ਪਟੜੀ ਚੜ੍ਹੇ ਹੋਏ ਲੋਕ ਜਦੋਂ ਆਪਣੇ ਚਹੇਤੇ ਨੇਤਾ ਦੀ ਕਿਸੇ ਇੱਛਾ ਦਾ ਕਿਸੇ ਵੀ ਕਿਸਮ ਦਾ ਵਿਰੋਧ ਹੁੰਦਾ ਵੇਖਦੇ ਹਨ ਤਾਂ ਉਹ ਹਰ ਥਾਂ ਜਥੇਬੰਦ ਫੌਜ ਵਾਂਗ ਚੜ੍ਹਾਈ ਕਰਨ ਨੂੰ ਤਿਆਰ ਰਹਿੰਦੇ ਹਨ। ਉਨ੍ਹਾਂ ਦਾ ਕਿਸੇ ਵੀ ਵਿਰੋਧੀ ਉੱਤੇ ਊਜ ਲਾਉਣ ਦਾ ਸਭ ਤੋਂ ਵੱਡਾ ਹਥਿਆਰ ਉਸ ਨੂੰ 'ਟੁਕੜੇ-ਟੁਕੜੇ' ਗੈਂਗ ਕਹਿਣਾ ਹੁੰਦਾ ਹੈ। ਫਿਲਮ ਸਟਾਰ ਕੰਗਨਾ ਰਣੌਤ ਇਸ ਮਾਮਲੇ ਵਿੱਚ ਸਭ ਤੋਂ ਤਾਜ਼ਾ ਮਿਸਾਲ ਬਣੀ ਹੈ। ਉਸ ਨੇ ਦਿੱਲੀ ਬਾਰਡਰ ਉੱਤੇ ਧਰਨੇ ਲਾਈ ਬੈਠੇ ਕਿਸਾਨਾਂ ਵਿੱਚ ਸ਼ਾਮਲ ਬੀਬੀ ਮਹਿੰਦਰ ਕੌਰ ਨੂੰ ਜਦੋਂ 'ਸੌ ਰੁਪਏ ਵਿੱਚ ਧਰਨਾ ਲਾਉਣ ਵਾਲੀ' ਕਿਹਾ ਤਾਂ ਕਈ ਲੋਕਾਂ ਨੇ ਉਸ ਦਾ ਵਿਰੋਧ ਕੀਤਾ। ਇਸ ਦੌਰਾਨ ਜਦੋਂ ਉਹ ਦਿਲਜੀਤ ਸਿੰਘ ਦੋਸਾਂਝ ਨਾਲ ਟਵੀਟ-ਜੰਗ ਲੜਦੀ ਪਈ ਸੀ ਤਾਂ ਉਸ ਨੇ ਵੀ 'ਟੁਕੜੇ-ਟੁਕੜੇ' ਗੈਂਗ ਦਾ ਮਿਹਣਾ ਮਾਰਿਆ ਹੈ। ਜਿਨ੍ਹਾਂ ਲੋਕਾਂ ਨੂੰ ਸਰਕਾਰ ਵਿਰੁੱਧ ਲੜਨ ਬਦਲੇ 'ਟੁਕੜੇ-ਟੁਕੜੇ' ਗੈਂਗ ਦਾ ਮਿਹਣਾ ਮਾਰ ਕੇ ਦੇਸ਼ ਦੇ ਟੁਕੜੇ ਕਰਨ ਵਾਲੇ ਕਿਹਾ ਜਾਂਦਾ ਹੈ, ਉਹ ਦੇਸ਼ ਦੇ ਟੁਕੜੇ ਕਰਨ ਵਾਲੇ ਨਹੀਂ, ਅਸਲ ਵਿੱਚ ਉਹ 'ਟੁਕੜਾ-ਟੁਕੜਾ ਲੜਾਈ ਲੜਨ ਵਾਲੇ' ਹਨ। ਕੋਈ ਜਣਾ ਭਾਰਤ ਦੇਸ਼ ਦੇ ਉੱਤਰ ਵਿੱਚ ਆਪਣੇ ਹੱਕਾਂ ਦੀ ਲੜਾਈ ਲੜਦਾ ਹੈ ਤਾਂ ਉਸ ਨੂੰ ਦੱਖਣ ਵਾਲਿਆਂ ਦੀ ਮਦਦ ਇਸ ਕਰ ਕੇ ਨਹੀਂ ਮਿਲਦੀ ਕਿ ਜਦੋਂ ਦੱਖਣ ਵਾਲਿਆਂ ਨੇ ਲੜਾਈ ਸੀ, ਓਦੋਂ ਉੱਤਰ ਵਾਲੇ ਚੁੱਪ ਰਹੇ ਸਨ ਤੇ ਜਦੋਂ ਪੂਰਬ ਵਾਲਿਆਂ ਨੇ ਲੜਾਈ ਲੜੀ, ਓਦੋਂ ਪੱਛਮ ਵਾਲੇ ਰਾਜਾਂ ਦੇ ਲੋਕਾਂ ਨੇ ਇਸ ਲੜਾਈ ਦਾ ਸਾਥ ਕੀ ਦੇਣਾ ਸੀ, ਇਸ ਦੇ ਹੱਕ ਵਿੱਚ ਕਦੀ ਹਾਅ ਦਾ ਨਾਅਰਾ ਤੱਕ ਵੀ ਮਾਰਨ ਦੀ ਲੋੜ ਵੀ ਨਹੀਂ ਸੀ ਸਮਝੀ। ਇਸ ਵਕਤ ਇਹੋ ਕੁਝ ਕਿਸਾਨਾਂ ਦੇ ਮੁੱਦੇ ਉੱਤੇ ਹੋ ਰਿਹਾ ਹੈ।

ਰਾਜ ਕਰਨ ਵਾਲੀ ਧਿਰ ਨੂੰ ਚੁਸਤ ਤਾਂ ਮੰਨਿਆ ਜਾਂਦਾ ਹੈ, ਪਰ ਇਹ ਹਕੀਕਤ ਬਹੁਤੇ ਲੋਕ ਨਹੀਂ ਜਾਣਦੇ ਹੋਣੇ ਕਿ ਇਸ ਦੇ ਪੈਂਤੜੇ ਅਤੇ ਇਸ ਦੇ ਬੁਲਾਰਿਆਂ ਦੀ ਸਿਖਲਾਈ ਕਿਸੇ ਏਕੀ-ਕ੍ਰਿਤ ਕਮਾਂਡ ਹੇਠ ਹੁੰਦੀ ਹੈ। ਉਹ ਧਿਰ ਭਾਰਤ ਦੇ ਲੋਕਾਂ ਦੀ ਨਜ਼ਰ ਵਿੱਚ ਇੱਕ ਧਰਮ ਦਾ ਰਾਜ ਕਾਇਮ ਕਰਨ ਲਈ ਸਰਗਰਮ ਹੈ, ਪਰ ਅਸਲ ਵਿੱਚ ਇੱਕ ਧਰਮ ਨਾਲੋਂ ਵੀ ਅੱਗੇ ਉਹ ਉਸ ਤਰ੍ਹਾਂ ਦਾ ਰਾਜ ਕਰਨ ਤੱਕ ਸੋਚ ਰੱਖਦੀ ਹੈ, ਜਿਸ ਨੂੰ ਚਲਾਉਣ ਵਾਸਤੇ ਮਨੂੰ ਨੇ ਵਰਣ-ਵਿਵਸਥਾ ਬਣਾਈ ਸੀ। ਬ੍ਰਹਮਾ ਦਾ ਪੁੱਤਰ ਮੰਨੇ ਜਾਣ ਵਾਲੇ ਮਨੂੰ ਸਵਅੰਭੁਵ ਨੇ ਜਿਹੜੀ ਸਿਮ੍ਰਤੀ ਸ਼ੁਰੂ ਕੀਤੀ ਸੀ, ਉਸ ਨੂੰ ਪੜ੍ਹੀਏ ਤਾਂ ਅਜੋਕੇ ਹਿੰਦੂਤੱਵ ਦੇ ਪ੍ਰਚਾਰਕਾਂ ਤੇ ਢੰਡੋਰਚੀਆਂ ਦੀ ਸਾਰੀ ਖੇਡ ਸਮਝ ਆ ਜਾਂਦੀ ਹੈ। ਸਾਡੇ ਕੁਝ ਲੋਕ ਏਦਾਂ ਦਾ ਮੁੱਦਾ ਚੁੱਕਦੇ ਹਨ ਕਿ ਪੰਜਾਬ ਨਾਲ ਹੋ ਰਹੇ ਧੱਕੇ ਦਾ ਕਾਰਨ ਇਹ ਹੈ ਕਿ ਏਥੇ ਸਿੱਖ ਵੱਸਦੇ ਹਨ ਅਤੇ ਸਿੱਖ ਇਸ ਸਰਕਾਰ ਨੂੰ ਸਬਕ ਸਿਖਾ ਦੇਣਗੇ। ਉਨ੍ਹਾਂ ਨੂੰ ਇਹ ਗੱਲ ਪਤਾ ਨਹੀਂ ਕਿ ਪਿਛਲੇ ਮਹੀਨੇ ਜਦੋਂ ਮੰਡੀਆਂ ਵਿੱਚ ਝੋਨਾ ਵਿਕ ਰਿਹਾ ਸੀ, ਉੱਤਰ ਪ੍ਰਦੇਸ਼ ਦੇ ਕਿਸਾਨਾਂ ਤੋਂ ਉਨ੍ਹਾਂ ਦਾ ਝੋਨਾ ਸਾਢੇ ਨੌਂ ਸੌ ਰੁਪਏ ਖਰੀਦਿਆ ਅਤੇ ਪੰਜਾਬ ਦੇ ਸ਼ੈਲਰਾਂ ਦੇ ਕੁਝ ਮਾਲਕਾਂ ਨੂੰ ਚੌਦਾਂ-ਪੰਦਰਾਂ ਸੌ ਰੁਪਏ ਵੇਚਿਆ ਜਾਂਦਾ ਸੀ। ਉਹ ਸ਼ੈਲਰ ਮਾਲਕ ਚੌਦਾਂ-ਪੰਦਰਾਂ ਸੌ ਰੁਪਏ ਦਾ ਖਰੀਦਿਆ ਝੋਨਾ ਅੱਗੇ ਮੰਡੀ ਵਿੱਚ ਕਿਸਾਨਾਂ ਦੇ ਜਾਅਲੀ ਨਾਂਅ ਲਿਖਾ ਕੇ ਘੱਟੋ-ਘੱਟ ਖਰੀਦ ਦੇ ਸਰਕਾਰੀ ਭਾਅ ਲਗਭਗ ਉੱਨੀ ਸੌ ਰੁਪਏ ਨੂੰ ਵੇਚ ਕੇ ਮੋਟਾ ਮਾਲ ਕਮਾ ਰਹੇ ਸਨ। ਇਸ ਵਿੱਚ ਕਿਹੜੇ ਠੱਗ ਨੇ ਕਿੰਨਾ ਮਾਲ ਕਮਾਇਆ, ਇਹ ਗੱਲ ਪਾਸੇ ਛੱਡ ਕੇ ਸੋਚਣ ਦੀ ਗੱਲ ਤਾਂ ਇਹ ਹੈ ਕਿ ਉੱਤਰ ਪ੍ਰਦੇਸ਼ ਵਿੱਚੋਂ ਜਿਨ੍ਹਾਂ ਕਿਸਾਨਾਂ ਤੋਂ ਅੱਧੇ ਮੁੱਲ ਉੱਤੇ ਝੋਨਾ ਖਰੀਦ ਕੇ ਉਨ੍ਹਾਂ ਨੂੰ ਲੁੱਟਿਆ ਗਿਆ, ਉਹ ਕਿਸਾਨ ਸਿੱਖ ਨਹੀਂ, ਬਹੁਤਾ ਕਰ ਕੇ ਹਿੰਦੂ ਹਨ ਤੇ ਓਥੇ ਹਿੰਦੂਤੱਵ ਦੇ ਨਾਂਅ ਉੱਤੇ ਰਾਜਨੀਤੀ ਦੀ ਝੰਡਾ ਬਰਦਾਰ ਭਾਰਤੀ ਜਨਤਾ ਪਾਰਟੀ ਵਾਲਿਆਂ ਦੇ ਇੱਕ ਹਿੰਦੂਤੱਵੀ ਸੰਤ ਦਾ ਰਾਜ ਹੈ। ਸਾਫ ਹੈ ਕਿ ਹਿੰਦੂਤਵ ਦੇ ਬਹਾਨੇ ਰਾਜ ਕਰਨ ਵਾਲਿਆਂ ਦੀ ਨੀਤੀ ਹਿੰਦੂ ਭਾਈਚਾਰੇ ਨੂੰ ਬਚਾਉਣ ਦੀ ਕੋਈ ਨਹੀਂ। ਉਸ ਰਾਜ ਦੀ ਹਿੰਦੂ ਬਹੁ-ਗਿਣਤੀ ਲਾਈਨਾਂ ਬੰਨ੍ਹ ਕੇ ਭਾਜਪਾ ਦੇ ਪਿੱਛੇ ਭੁਗਤੀ ਅਤੇ ਪਾਰਲੀਮੈਂਟ ਦੀਆਂ ਅੱਸੀਆਂ ਵਿੱਚੋਂ ਬਾਹਠ ਸੀਟਾਂ ਅਤੇ ਅਸੈਂਬਲੀ ਦੀਆਂ ਚਾਰ ਸੌ ਤਿੰਨ ਸੀਟਾਂ ਵਿੱਚੋਂ ਤਿੰਨ ਸੌ ਬਾਰਾਂ ਸੀਟਾਂ ਜਿੱਤਣ ਲਈ ਇਸ ਪਾਰਟੀ ਦੀ ਮਦਦ ਕੀਤੀ ਸੀ। ਇਸ ਨੇ ਉਨ੍ਹਾਂ ਚੀਕਾਂ ਮਾਰਦਿਆਂ ਦੀ ਮਦਦ ਨਹੀਂ ਕੀਤੀ।

ਦਿੱਲੀ ਵਾਲੇ ਬਾਰਡਰ ਉੱਤੇ ਜਿਹੜੇ ਕਿਸਾਨ ਇਸ ਵੇਲੇ ਲੜ ਰਹੇ ਹਨ, ਉਹ ਵੀ ਇਕੱਲੇ ਸਿੱਖ ਨਹੀਂ, ਹਰਿਆਣਾ ਤੇ ਰਾਜਸਥਾਨ ਜਾਂ ਉੱਤਰ ਪ੍ਰਦੇਸ਼ ਦੇ ਹਿੰਦੂ ਅਤੇ ਮੁਸਲਮਾਨ ਕਿਸਾਨ ਵੀ ਉਨ੍ਹਾਂ ਦੇ ਨਾਲ ਬੈਠੇ ਦਿਖਾਈ ਦੇਂਦੇ ਹਨ। ਜਿਹੜੇ ਗੁਜਰਾਤ ਨੂੰ ਸਾਰੇ ਦੇਸ਼ ਮੂਹਰੇ ਮਾਡਲ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ, ਓਥੋਂ ਦੇ ਕਿਸਾਨ ਵੀ ਦਿੱਲੀ ਵਾਲੇ ਧਰਨੇ ਵਿੱਚ ਆਏ ਹਨ ਤੇ ਦੱਸ ਰਹੇ ਹਨ ਕਿ ਓਥੇ ਵੀ ਇੱਕੋ ਅਡਾਨੀ ਘਰਾਣਾ ਬਾਕੀ ਸਭ ਨੂੰ ਚੱਬੀ ਜਾਂਦਾ ਹੈ, ਜਿਸ ਨੇ ਕਿਸਾਨਾਂ ਨੂੰ ਵੀ ਆਪਣੇ ਪੈਰਾਂ ਉੱਤੇ ਖੜੇ ਨਹੀਂ ਰਹਿਣ ਦਿੱਤਾ। ਸਾਨੂੰ ਉਹ ਦਿਨ ਯਾਦ ਹਨ, ਜਦੋਂ ਭਾਰਤ ਦੇ ਲੋਕਾਂ ਨੂੰ ਪੰਜ ਕੇ ਘਰਾਣਿਆਂ: ਟਾਟਾ, ਬਿਰਲਾ, ਡਾਲਮੀਆ, ਸਿੰਘਾਨੀਆ ਜਾਂ ਵਾਡੀਆ ਤੱਕ ਦਾ ਹੀ ਪਤਾ ਹੁੰਦਾ ਸੀ, ਫਿਰ ਸਮਾਂ ਬਦਲਿਆ ਤੇ ਇਨ੍ਹਾਂ ਪੰਜਾਂ ਘਰਾਣਿਆਂ ਨੂੰ ਪਿੱਛੇ ਛੱਡ ਕੇ ਇੰਦਰਾ ਗਾਂਧੀ ਦੀ ਸਰਪ੍ਰਸਤੀ ਸਦਕਾ ਧੀਰੂ ਭਾਈ ਅੰਬਾਨੀ ਵਾਲਾ ਰਿਲਾਇੰਸ ਘਰਾਣਾ ਤੇਜ਼ੀ ਨਾਲ ਉੱਭਰਿਆ ਤੇ ਸੰਸਾਰ ਦੇ ਸਿਖਰਲੇ ਦਸ ਘਰਾਣਿਆਂ ਵਿੱਚ ਆ ਗਿਆ ਸੀ। ਜਦੋਂ ਗੁਜਰਾਤ ਵਿੱਚ ਨਰਿੰਦਰ ਮੋਦੀ ਦਾ ਰਾਜ ਆਇਆ ਤਾਂ ਸਾਰੇ ਭਾਰਤ ਦੇ ਘਰਾਣੇ ਅਜੇ ਅਟਲ ਬਿਹਾਰੀ ਵਾਜਪਾਈ ਨੂੰ ਭਾਰਤ ਦੀ ਰਾਜਨੀਤੀ ਦਾ ਕੁਤਬ-ਮੀਨਾਰ ਸਮਝੀ ਬੈਠੇ ਸਨ ਤੇ ਉਹ ਸਮਝ ਨਹੀਂ ਸਨ ਸਕੇ, ਜਦੋਂ ਮੋਦੀ ਦੀ ਸੋਚ ਅਤੇ ਪਹੁੰਚ ਦਾ ਕੱਟੜ ਸਮੱਰਥਕ ਗੌਤਮ ਅਡਾਨੀ ਇੱਕਦਮ ਅੱਗੇ ਆਇਆ ਤੇ ਤੇਜ਼ੀ ਨਾਲ ਹੋਰ ਸਭਨਾਂ ਨੂੰ ਪਛਾੜਦਾ ਚਲਾ ਗਿਆ ਸੀ। ਓਦੋਂ ਉਹ ਮਸਾਂ ਪੰਜ ਹਜ਼ਾਰ ਕਰੋੜ ਰੁਪਏ ਮਾਲਕੀ ਵਾਲੇ ਘਰਾਣੇ ਦਾ ਮਾਲਕ ਸੀ, ਪਿਛਲੇ ਹਫਤੇ ਸੰਸਾਰ ਪੱਧਰ ਦੀਆਂ ਏਜੰਸੀਆਂ ਨੇ ਰਿਪੋਰਟ ਦਿੱਤੀ ਹੈ ਕਿ ਉਹ ਰਿਲਾਇੰਸ ਵਾਲੇ ਮੁਕੇਸ਼ ਅੰਬਾਨੀ ਨੂੰ ਪਛਾੜ ਕੇ ਭਾਰਤ ਦਾ ਨੰਬਰ ਇੱਕ ਅਮੀਰ ਬਣ ਗਿਆ ਹੈ। ਉਸ ਦੀ ਚੜ੍ਹਤ ਦਾ ਗੇਅਰ ਅਜੇ ਤੱਕ ਲੱਗਾ ਪਿਆ ਹੈ ਅਤੇ ਉਹ ਭਾਰਤ ਦੀਆਂ ਹੱਦਾਂ ਤੋਂ ਪਾਰ ਆਸਟਰੇਲੀਆ ਵਰਗੇ ਦੇਸ਼ਾਂ ਤੱਕ ਕਾਰੋਬਾਰ ਦੇ ਮਾਮਲੇ ਵਿੱਚ ਬੜੇ ਵੱਡੇ ਦਾਬੇ ਵਾਲਾ ਹੋ ਗਿਆ ਹੈ। ਉਸ ਦੇ ਦਬਦਬੇ ਦਾ ਕਾਰਨ ਉਸ ਦੇ ਪਿੱਛੇ ਭਾਰਤ ਸਰਕਾਰ ਦਾ ਖੜੋਤੇ ਦਿਖਾਈ ਦੇਣਾ ਅਤੇ ਸਰਕਾਰ ਦੀ ਕਮਾਨ ਇੱਕ ਧੜੱਲੇਦਾਰ ਬੰਦੇ ਦੇ ਹੱਥ ਹੋਣਾ ਸਮਝਿਆ ਜਾਂਦਾ ਹੈ।

ਅਸੀਂ ਇਹੋ ਜਿਹੇ ਕਈ ਲੋਕਾਂ ਨੂੰ ਜਾਣਦੇ ਹਾਂ, ਉਨ੍ਹਾਂ ਨਾਲ ਕਦੇ-ਕਦੇ ਗੱਲਬਾਤ ਵੀ ਹੁੰਦੀ ਹੈ, ਜਿਹੜੇ ਇਸ ਧਾਰਨਾ ਦਾ ਸ਼ਿਕਾਰ ਹਨ ਕਿ ਮੋਦੀ ਸਰਕਾਰ ਦਾ ਮਤਲਬ 'ਅੱਠ ਸੌ ਸਾਲ ਬਾਅਦ ਆਇਆ ਹਿੰਦੂ ਰਾਜ' ਹੈ, ਪਰ ਉਹ ਇਹ ਨਹੀਂ ਜਾਣਦੇ ਕਿ ਇਹ ਰਾਜ ਜਿਨ੍ਹਾਂ ਲੋਕਾਂ ਦਾ ਰਗੜਾ ਕੱਢ ਰਿਹਾ ਹੈ, ਉਨ੍ਹਾਂ ਵਿੱਚ ਵੀ ਬਹੁਤੇ ਹਿੰਦੂ ਹਨ। ਸਰਕਾਰੀ ਖੇਤਰ ਦੀਆਂ ਜਿਹੜੀਆਂ ਕੰਪਨੀਆਂ ਬੰਦ ਕੀਤੀਆਂ ਜਾਂ ਸਰਮਾਏਦਾਰ ਘਰਾਣਿਆਂ ਨੂੰ ਵੇਚ ਦਿੱਤੀਆਂ ਗਈਆਂ ਹਨ, ਭਾਰਤ ਅੰਦਰ ਬਹੁ-ਗਿਣਤੀ ਭਾਈਚਾਰਾ ਹਿੰਦੂ ਹੋਣ ਕਾਰਨ ਉਨ੍ਹਾਂ ਸਰਕਾਰੀ ਕੰਪਨੀਆਂ ਦੀ ਸੇਲ ਨਾਲ ਰਗੜੇ ਗਏ ਬਹੁਤ ਕਾਰਿੰਦੇ ਵੀ ਹਿੰਦੂ ਹੀ ਸਨ। ਉਨ੍ਹਾਂ ਹਿੰਦੂ ਮੁਲਾਜ਼ਮਾਂ ਵਿੱਚੋਂ ਵੀ ਬਹੁਤ ਸਾਰਿਆਂ ਨੇ ਪਿਛਲੀਆਂ ਦੋ ਪਾਰਲੀਮੈਂਟ ਚੋਣਾਂ ਦੇ ਦੌਰਾਨ 'ਹਰ-ਹਰ ਮੋਦੀ, ਘਰ-ਘਰ ਮੋਦੀ' ਵਾਲਾ ਜਾਪ ਜਪਿਆ ਹੋਵੇਗਾ ਅਤੇ ਅੱਜ ਅੱਖਾਂ ਵਿੱਚ ਘਸੁੰਨ ਦੇ ਕੇ ਰੋਂਦੇ ਦਿਖਾਈ ਦੇਂਦੇ ਹਨ। ਇਸ ਵੇਲੇ ਭਾਰਤ ਦੀ ਸਮੁੱਚੀ ਕਿਰਤੀ ਜਮਾਤ ਬਹੁਤ ਵੱਡੇ ਖਤਰੇ ਦੇ ਮੂੰਹ ਅੱਗੇ ਖੜੋਤੀ ਹੈ। ਜਦੋਂ ਵੀ ਉਸ ਦਾ ਕੋਈ ਸੰਘਰਸ਼ ਸ਼ੁਰੂ ਹੁੰਦਾ ਹੈ, ਉਸ ਦੀ ਭੰਡੀ ਕਰਨ ਲਈ 'ਟੁਕੜੇ-ਟੁਕੜੇ ਗੈਂਗ' ਦਾ ਧੂਤੂ ਵਜਾਇਆ ਜਾਂਦਾ ਅਤੇ ਮਿਹਣਾ ਮਾਰਿਆ ਜਾਂਦਾ ਹੈ, ਪਰ ਸੱਚਾਈ ਇਹ ਹੈ ਕਿ ਕਿਰਤੀ ਹੱਕਾਂ ਲਈ ਲੜ ਰਹੇ ਲੋਕ 'ਟੁਕੜੇ-ਟੁਕੜੇ ਗੈਂਗ' ਨਹੀਂ, ਸਗੋਂ 'ਟੁਕੜੇ-ਟੁਕੜੇ ਹੋਈ ਪਈ ਲੜਾਕੂ ਲਹਿਰ ਦੇ ਵੱਖ-ਵੱਖ ਵਗਦੇ ਵਹਿਣ ਹਨ। ਜਿਨ੍ਹਾਂ ਚਿਰ ਇਹ ਹੱਕਾਂ ਦੀ ਲੜਾਈ ਲੜਨ ਵਾਲੇ ਲੋਕ ਇਕੱਠੇ ਹੋ ਕੇ ਇੱਕ ਵਹਿਣ ਵਿੱਚ ਨਹੀਂ ਵਗਦੇ, ਇਹ ਲੜਾਈ ਜਿੱਤ ਸਕਣੀ ਔਖੀ ਹੈ, ਪਰ ਇਹ ਇਕੱਠੇ ਕਦੋਂ ਹੋਣਗੇ!

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਟੜੀ ਤੋਂ ਕਿਵੇਂ ਲੱਥੀ

-ਜਸਵੰਤ ਸਿੰਘ 'ਅਜੀਤ'

ਕੁਝ ਦਿਨ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣਾ 100 ਸਾਲਾ ਸਥਾਪਨਾ ਦਿਵਸ ਮਨਾਇਆ ਹੈ। ਇਸ ਮੌਕੇ ਹੋਏ ਵਿਸ਼ੇਸ਼ ਸਮਾਰੋਹ 'ਚ ਸ਼੍ਰੋਮਣੀ ਕਮੇਟੀ ਦੇ ਸੱਤਾਧਾਰੀ ਤੇ ਸ਼੍ਰੋਮਣੀ ਅਕਾਲੀ ਬਾਦਲ ਦੇ ਆਗੂਆਂ ਨੇ ਸਿੱਖਾਂ ਦੀਆਂ ਮਹਾਨ ਅਤੇ ਬੇਮਿਸਾਲ ਕੁਰਬਾਨੀਆਂ ਦੇ ਸਿੱਟੇ ਵਜੋਂ ਸ਼੍ਰੋਮਣੀ ਕਮੇਟੀ ਦੇ ਹੋਂਦ 'ਚ ਆਉਣ ਤੱਕ ਦੇ ਇਤਿਹਾਸ ਦਾ ਬਹੁਤ ਵਿਸਥਾਰ ਨਾਲ ਜ਼ਿਕਰ ਕੀਤਾ, ਪਰ ਕਿਸੇ ਵੀ ਅਕਾਲੀ ਆਗੂ ਨੇ ਇਸ ਦੇ ਆਪਣੇ ਮੂਲ ਮੰਤਵਾਂ ਤੋਂ ਭਟਕ ਕੇ ਪਟੜੀ ਤੋਂ ਉਤਰ ਜਾਣ ਦਾ ਜ਼ਿਕਰ ਨਹੀਂ ਕੀਤਾ।

ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬਾਨ ਤੋਂ ਬਾਅਦ ਜਦੋਂ ਸਿੱਖ ਆਪਣੀ ਹੋਂਦ, ਆਦਰਸ਼ਾਂ ਅਤੇ ਗੁਰੂ ਸਾਹਿਬਾਨ ਵੱਲੋਂ ਗਰੀਬਾਂ-ਮਜ਼ਲੂਮਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਸਮੇਂ ਸੰਘਰਸ਼ ਕਰ ਰਹੇ ਸਨ, ਓਦੋਂ ਉਨ੍ਹਾਂ ਨੂੰ ਜੰਗਲਾਂ 'ਚ ਲੁਕ-ਛਿੱਪ ਕੇ ਆਪਣਾ ਜੀਵਨ ਗੁਜ਼ਾਰਨਾ ਹੋਣਾ ਪਿਆ ਸੀ। ਉਸ ਸਮੇਂ ਆਪਣੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ-ਸੰਭਾਲ ਵੱਲ ਢੁਕਵਾਂ ਧਿਆਨ ਨਹੀਂ ਦੇ ਸਕੇ ਸਨ। ਸਿੱਟੇ ਵਜੋਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਮਹੰਤਾਂ ਨੇ ਸੰਭਾਲ ਲਈ। ਸ਼ੁਰੂ ਵਿੱਚ ਉਹ ਇਸ ਜ਼ਿੰਮੇਵਾਰੀ ਨੂੰ ਬਹੁਤ ਵਫਾਦਾਰੀ ਤੇ ਸ਼ਰਧਾ ਨਾਲ ਨਿਭਾਉਂਦੇ ਰਹੇ। ਜਦੋਂ ਮਹਾਰਾਜ ਰਣਜੀਤ ਸਿੰਘ ਨੇ ਖਾਲਸਾ ਰਾਜ ਸਥਾਪਤ ਕੀਤ ਤਾਂ ਉਸ ਸਮੇਂ ਉਨ੍ਹਾਂ ਇਤਿਹਾਸਕ ਗੁਰਦੁਆਰਿਆਂ ਅਤੇ ਹੋਰਨਾਂ ਧਾਰਮਿਕ ਸੰਸਥਾਵਾਂ ਦਾ ਪ੍ਰਬੰਧ ਬਿਨਾਂ ਕਿਸੇ ਰੁਕਾਵਟ ਦੇ ਚਲਦੇ ਰੱਖਣ ਲਈ ਉਨ੍ਹਾਂ ਦੇ ਨਾਂ ਜਗੀਰਾਂ ਲਵਾ ਦਿੱਤੀਆਂ। ਇਸ ਦਾ ਸਿੱਟਾ ਇਹ ਨਿਕਲਿਆ ਕਿ ਉਨ੍ਹਾਂ ਦੀ ਆਮਦਨ, ਜੋ ਦਿਨ-ਬ-ਦਿਨ ਵਧਦੀ ਜਾ ਰਹੀ ਸੀ, ਦੇਖ ਕੇ ਮਹੰਤਾਂ ਦੀਆਂ ਨਜ਼ਰਾਂ ਅਤੇ ਨੀਤ ਦੋਵੇਂ ਬਦਲ ਗਈਆਂ। ਉਨ੍ਹਾਂ ਆਪਣੇ ਆਪ ਨੂੰ ਇਤਿਹਾਸਕ ਗੁਰਦੁਆਰਿਆਂ ਦੇ ਸੇਵਕ ਸਮਝਣ ਦੀ ਥਾਂ ਉਨ੍ਹਾਂ ਦਾ ਮਾਲਿਕ ਮੰਨਣਾ ਸ਼ੁਰੂ ਕਰ ਦਿੱਤਾ। ਨਾਲ ਹੀ ਸਿੱਖਾਂ ਨੂੰ ਉਸ 'ਚ ਦਖ਼ਲ ਦੇਣ ਤੋਂ ਰੋਕਣ ਲਈ ਗੁੰਡੇ ਰੱਖਣੇ ਸ਼ੁਰੂ ਕਰ ਦਿੱਤੇ। ਗੁਰਦੁਆਰਿਆਂ ਦੀ ਪਵਿੱਤਰਾ ਭੰਗ ਹੋਣ ਲੱਗੀ। ਗੁੰਡੇ ਦਰਸ਼ਨ ਕਰਨ ਲਈ ਆਉਣ ਵਾਲੀਆਂ ਸੰਗਤਾਂ ਦਾ ਅਪਮਾਨ ਤੱਕ ਕਰਨ ਲੱਗੇ। ਇਹ ਸਭ ਕੁਝ ਵੇਖ-ਸੁਣ ਕੇ ਸ਼ਰਧਾਲੂ ਸਿੱਖਾਂ ਵਿੱਚ ਰੋਸ ਵਧਣ ਲੱਗਾ। ਇੱਕ ਦਿਨ ਅਜਿਹਾ ਆਇਆ ਕਿ ਉਹ ਮਜ਼ਬੂਰ ਹੋ ਕੇ ਸਿਰ 'ਤੇ ਕਫਨ ਬੰਨ੍ਹ ਕੇ ਗੁਰਦੁਆਰਿਆਂ ਨੂੰ ਮਹੰਤਾਂ ਦੇ ਚੁੰਗਲ 'ਚੋਂ ਆਜ਼ਾਦ ਕਰਵਾਉਣ ਲਈ ਨਿਕਲ ਪਏ। ਇਤਿਹਾਸਕ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ 'ਚੋਂ ਮੁਕਤ ਕਰਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ। ਇਸ ਦੌਰਾਨ ਕੁਰਬਾਨੀਆਂ ਭਰਿਆ ਲੰਬਾ ਸੰਘਰਸ਼ ਚੱਲਿਆ। ਅਨੇਕਾਂ ਸਿੱਖ ਸ਼ਹੀਦ ਜਾਂ ਅੰਗਹੀਣ ਹੋ ਗਏ। ਗੁਰਦੁਆਰੇ ਮਹੰਤਾਂ ਤੋਂ ਮੁਕਤ ਹੋ ਗਏ। ਉਨ੍ਹਾਂ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਪੰਥ ਨੇ ਸੰਭਾਲ ਲਈ। ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਦਾ ਕੇਂਦਰੀਕਰਨ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ। ਇਹ ਪ੍ਰਬੰਧ ਸੁਚਾਰੂ ਚਲਾਉਣ ਅਤੇ ਸਥਾਪਤ ਮਰਿਆਦਾਵਾਂ ਤੇ ਮਾਨਤਾਵਾਂ ਨੂੰ ਬਣਾਈ ਰੱਖਣ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਹਿਯੋਗ ਦੇਣ ਲਈ ਸ਼੍ਰੋਮਣੀ ਅਕਾਲੀ ਦਲ ਬਣਾਇਆ ਗਿਆ। ਪਹਿਲਾਂ ਸਭ ਕੁਝ ਠੀਕ ਚਲਦਾ ਰਿਹਾ। ਹੌਲੀ-ਹੌਲੀ ਅਕਾਲੀ ਆਗੂਆਂ ਦੇ ਦਿਲ 'ਚ ਸਿਆਸੀ ਗੱਦੀਆਂ ਤੱਕ ਪਹੁੰਚਣ ਦੀ ਲਾਲਸਾ ਪੈਦਾ ਹੋ ਗਈ ਤਾਂ ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਸਹਿਯੋਗ ਦੇਣ ਦੀ ਥਾਂ ਉਸ ਦੇ ਸਾਧਨਾਂ ਦੀ ਵਰਤੋਂ ਆਪਣੀ ਲਾਲਸਾ ਪੂਰੀ ਕਰਨ ਲਈ ਸ਼ੁਰੂ ਕਰ ਦਿੱਤੀ। ਲਾਲਸਾ ਵਧਦੀ ਗਈ, ਸ਼੍ਰੋਮਣੀ ਕਮੇਟੀ ਦੇ ਸਾਧਨ ਆਪਣੇ ਮੂਲ ਮੰਤਵਾ ਤੋਂ ਭਟਕ ਕੇ ਅਕਾਲੀ ਆਕਾਵਾਂ ਦੀ ਲਾਲਸਾ ਨੂੰ ਪੂਰਾ ਕਰਨ ਲਈ ਸਮਰਪਿਤ ਹੁੰਦੇ ਗਏ।




ਅੱਜ ਹਾਲਤ ਇੱਥੋਂ ਤੱਕ ਆ ਪੁੱਜੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਸਾਰੇ ਸਾਧਨ ਆਪਣੇ ਆਕਾਵਾਂ ਅਕਾਲੀ ਆਗੂਆਂ ਦਾ ਸਿਆਸੀ ਸਵਾਰਥ ਪੂਰਾ ਕਰਨ 'ਚ ਜੁਟੇ ਹੋਏ ਹਨ। ਉਸ ਦੀ ਮੂਲ ਜ਼ਿੰਮੇਵਾਰੀ ਸਿਰਫ ਰਸਮ ਪੂਰੀ ਕਰਨ ਤੱਕ ਰਹਿ ਗਈ ਹੈ। ਉਸੇ ਦਾ ਸਿੱਟਾ ਹੈ ਕਿ ਅੱਜ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਅੰਮ੍ਰਿਤਸਰ ਦੇ ਨੇੜਲੇ ਇਲਾਕਿਆਂ ਵਿੱਚ ਦਾੜ੍ਹੀ-ਕੇਸ ਧਾਰਨ ਕਰਨ, ਭਾਵ ਸਿੱਖੀ ਸਰੂਪ ਵਾਲੇ ਨੌਜਵਾਨ ਆਪਣੇ ਗਲੇ 'ਚ ਇਸਾਈਅਤ ਦਾ ਨਿਸ਼ਾਨ ਭਾਵ 'ਕ੍ਰਾਸ' ਪਾਈ ਅਕਸਰ ਹੀ ਵਿਖਾਈ ਦੇਣ ਲੱਗੇ ਹਨ।

ਕੁਝ ਦਿਨ ਪਹਿਲਾਂ ਇਹ ਖਬਰ ਆਈ ਸੀ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ, ਸੰਘਰਸ਼ੀਲ ਕਿਸਾਨ ਜੋ ਦਿੱਲੀ ਦੀਆਂ ਹੱਦਾਂ 'ਤੇ ਡੇਰਾ ਲਾਈ ਬੈਠੇ ਹਨ, ਲਈ ਲੰਗਰ ਲੈ ਕੇ ਗਏ ਤਾਂ ਕਿਸਾਨਾਂ ਨੇ ਲੈਣ ਤੋਂ ਨਾਂਹ ਕਰ ਦਿੱਤੀ। ਇਹ ਖਬਰ ਪੜ੍ਹ-ਸੁਣ ਕੇ ਲੋਕਾਂ ਨੇ ਬੁਰਾ ਮਨਾਇਆ ਕਿ ਕਿਸਾਨਾਂ ਨੂੰ ਗੁਰੂ ਦਾ ਲੰਗਰ ਲੈਣ ਤੋਂ ਨਾਂਹ ਨਹੀਂ ਕਰਨੀ ਚਾਹੀਦੀ ਸੀ। ਕਿਸਾਨਾਂ ਨੇ ਦੱਸਿਆ ਕਿ ਉਨ੍ਹਾਂ ਲੰਗਰ ਲੈਣ ਤੋਂ ਨਾਂਹ ਨਹੀਂ ਕੀਤੀ, ਸਗੋਂ ਸਿਰਸਾ ਵੱਲੋਂ ਗੁਰੂ ਕਾ ਲੰਗਰ ਦੇ ਨਾਂ ਉੱਤੇ ਸਿਆਸੀ ਖੇਡ ਨਹੀਂ ਖੇਡਣ ਦਿੱਤੀ। ਕਿਸਾਨਾਂ ਦਾ ਕਹਿਣਾ ਹੈ ਕਿ ਉਹ ਜਾਣਦੇ ਹਨ ਕਿ ਕਿਸ ਤਰ੍ਹਾਂ ਕੋਰੋਨਾ ਪੀੜਤਾਂ 'ਚ ਵੰਡੇ ਗਏ ਗੁਰੂ ਕੇ ਲੰਗਰ ਦੇ ਨਾਂ 'ਤੇ ਸਰਦਾਰ ਸਿਰਸਾ ਨੇ ਸਿਰਫ ਸਿਆਸਤ ਹੀ ਨਹੀਂ ਕੀਤੀ, ਉਸ ਦਾ ਵਪਾਰੀਕਰਨ ਵੀ ਕੀਤਾ ਸੀ। ਉਸ ਲੰਗਰ ਦਾ ਇੱਕ ਟੀ ਵੀ ਚੈਨਲ ਉਤੇ ਪ੍ਰਸਾਰਨ ਕਰਵਾ ਕੇ ਉਸ ਗੁਰੂ ਦੇ ਲੰਗਰ ਦੇ ਨਾਂ ਉਤੇ 'ਦਾਨ' ਦੀ ਮੰਗ ਕਰ ਕੇ ਕਰੋੜਾਂ ਰੁਪਏ ਇਕੱਠੇ ਕੀਤੇ, ਜਿਸ ਲਈ ਗੁਰੂ ਸਾਹਿਬ ਨੇ ਉਸ ਵੇਲੇ ਦੇ ਬਾਦਸ਼ਾਹ ਕੋਲੋਂ ਜਾਗੀਰ ਤੱਕ ਲੈਣ ਲਈ ਨਾਂਹ ਕਰ ਦਿੱਤੀ ਸੀ। ਕਿਸਾਨਾਂ ਨੇ ਦੱਸਿਆ ਕਿ ਜਿਸ ਦਿਨ ਸਿਰਸਾ ਕਿਸਾਨਾਂ ਲਈ ਲੰਗਰ ਲੈ ਕੇ ਗਏ, ਉਸ ਤੋਂ ਦੋ ਦਿਨ ਬਾਅਦ ਉਨ੍ਹਾਂ ਨੇ ਕਈ ਅਖ਼ਬਾਰਾਂ 'ਚ ਇਸ਼ਤਿਹਾਰ ਦੇ ਕੇ ਗੁਰੂ ਕਾ ਲੰਗਰ ਵੰਡਣ ਦਾ ਪ੍ਰਚਾਰ ਕਰਕੇ ਸਾਬਤ ਕਰ ਦਿੱਤਾ ਕਿ ਉਹ ਲੰਗਰ ਦੇ ਨਾਂ 'ਤੇ ਸੇਵਾ ਨਹੀਂ, ਸਗੋਂ ਸਿਆਸਤ ਅਤੇ ਵਪਾਰ ਕਰ ਰਹੇ ਹਨ।

ਅਕਾਲੀ ਦਲ ਦਿੱਲੀ ਦੇ ਜਨਰਲ ਸਕੱਤਰ ਹਰਵਿੰਦਰ ਸਿੰਘ ਸਰਨਾ ਨੇ ਕਿਹਾ ਕਿ ਅੱਜਕੱਲ੍ਹ ਦੇਸ਼ 'ਚ ਜਿਸ ਤਰ੍ਹਾਂ ਬੇਰੁਜ਼ਗਾਰੀ ਵਧ ਰਹੀ ਹੈ, ਸਿੱਖ ਨੌਜਵਾਨ ਵੀ ਉਸ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਰਹੇ ਹਨ। ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਉਨ੍ਹਾਂ ਦੀ ਪਾਰਟੀ ਨੇ ਗੁਰਦੁਆਰਾ ਰਕਾਬਗੰਜ ਕੰਪਲੈਕਸ ਵਿਖੇ ਆਪਣੇ ਦਫ਼ਤਰ 'ਚ ਇੱਕ ਕੇਂਦਰ ਕਾਇਮ ਕਰਨ ਦਾ ਫੈਸਲਾ ਕੀਤਾ ਹੈ, ਜੋ ਸਿੱਖ ਨੌਜਵਾਨਾਂ ਨੂੰ ਉਨ੍ਹਾਂ ਦੀ ਯੋਗਤਾ ਦੇ ਆਧਾਰ 'ਤੇ ਰੁਜ਼ਗਾਰ ਦੇਣ 'ਚ ਸਹਿਯੋਗ ਕਰੇਗਾ। ਇਸ ਵਿੱਚ ਸਹਿਯੋਗ ਹਾਸਲ ਕਰਨ ਲਈ ਸਿੱਖ ਉਦਯੋਗਪਤੀਆਂ ਅਤੇ ਵਪਾਰੀਆਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਪਲੰਬਰ, ਕਾਰਪੈਂਟਰ ਆਦਿ ਹੱਥੀਂ ਕੰਮ ਕਰਨ 'ਚ ਮਾਹਿਰ ਨੌਜਵਾਨਾਂ ਦੀ ਮੰਗ ਵਿਦੇਸ਼ਾਂ 'ਚ ਹਮੇਸ਼ਾ ਰਹਿੰਦੀ ਹੈ। ਅਜਿਹੇ ਨੌਜਵਾਨਾਂ ਨੂੰ ਉਥੇ ਕੰਮ ਦਿਵਾਉਣ ਲਈ ਉਥੋਂ ਦੇ ਕਾਰੋਬਾਰੀਆਂ ਨਾਲ ਵੀ ਸੰਪਰਕ ਕੀਤਾ ਜਾ ਰਿਹਾ ਹੈ।

ਅੱਜ ਸਿੱਖਾਂ ਦੀ ਜੋ ਹਾਲਤ ਹੈ, ਜੇ ਉਸ ਦਾ ਗੰਭੀਰਤਾ ਨਾਲ ਅਧਿਐਨ ਕੀਤਾ ਜਾਵੇ ਤਾਂ ਇਹ ਗੱਲ ਸਪੱਸ਼ਟ ਉਭਰ ਕੇ ਆ ਜਾਵੇਗੀ ਕਿ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਦੇ ਦਾਅਵੇਦਾਰ ਅਕਾਲੀ ਆਗੂਆਂ ਦਾ ਆਪਸ 'ਚ ਮਿਲ ਕੇ ਬੈਠ ਸਕਣਾ ਵੀ ਸੰਭਵ ਨਹੀਂ ਰਿਹਾ। ਜਦੋਂ ਵੀ ਉਨ੍ਹਾਂ 'ਚ ਮਤਭੇਦ ਪੈਦਾ ਹੁੰਦੇ ਹਨ, ਇੱਕ ਨਵਾਂ ਅਕਾਲੀ ਦਲ ਬਣ ਜਾਂਦਾ ਹੈ। ਬੀਤੇ ਲੰਬੇ ਸਮੇਂ ਤੋਂ ਇਹ ਸਿਲਸਿਲਾ ਲਗਾਤਾਰ ਚੱਲ ਰਿਹਾ ਹੈ। ਅੱਜ ਕਿੰਨੇ ਅਕਾਲੀ ਦਲ ਹੋਂਦ ਵਿੱਚ ਹਨ ਅਤੇ ਕਿੰਨੇ ਬੀਤੇ ਸਮੇਂ ਦੇ ਗਰਭ 'ਚ ਸਮਾਂ ਚੁੱਕੇ ਹਨ, ਉਨ੍ਹਾਂ ਦੇ ਨਾਂ ਦੱਸਣੇ ਦੂਰ, ਉਨ੍ਹਾਂ ਦੀ ਗਿਣਤੀ ਤੱਕ ਕਰ ਸਕਣੀ ਵੀ ਸੰਭਵ ਨਹੀਂ ਰਹੀ। ਇਹੀ ਹਾਲਤ ਸਿਆਸੀ ਖੇਤਰ ਦੀ ਹੈ। ਧਾਰਮਿਕ ਖੇਤਰ 'ਚ ਇਸ ਤੋਂ ਵੱਖਰੀ ਹਾਲਤ ਨਹੀਂ। ਛੋਟੀ ਜਿਹੀ ਸਿੰਘ ਸਭਾ ਜੋ ਆਪਣੇ ਇਲਾਕੇ ਦੇ ਛੋਟੇ ਜਿਹੇ ਗੁਰਦੁਆਰੇ ਦਾ ਪ੍ਰਬੰਧ ਸੰਭਾਲਦੀ ਹੈ, ਦੇ ਪ੍ਰਬੰਧਕਾਂ 'ਚ ਵੀ ਜਦੋਂ ਕਿਸੇ ਗੱਲ 'ਤੇ ਮਤਭੇਦ ਪੈਦਾ ਹੋ ਜਾਂਦੇ ਹਨ ਤਾਂ ਇੱਕ ਨਵੀਂ ਸਿੰਘ ਸਭਾ ਜਨਮ ਲੈ ਲੈਂਦੀ ਹੈ।

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਵਧੀ ਭੀੜ ਦੇ ਨਾਲ ਵਧਿਆ ਰਿਸਕ ...



ਚੰਡੀਗੜ੍ਹ ਦੀ ਸੁਖਨਾ ਲੇਕ ਉਤੇ ਲੋਕ ਅੱਜਕੱਲ੍ਹ ਖਿੜੀ ਧੁੱਪ ਦਾ ਖੁਬ ਆਨੰਦ ਲੈ ਰਹੇ ਹਨ, ਪਰ ਕੋਰੋਨਾ ਦੇ ਵਧਦੇ ਕੇਸਾਂ ਦੇ ਚਲਦੇ ਪ੍ਰਸ਼ਾਸਨ ਵਲੋਂ ਜੁਰਮਾਨਾ ਵਧਾਏ ਜਾਣ ਦੇ ਬਾਵਜੂਦ ਵੀ ਮਾਸਕ ਪਹਿਨਣ ਲਈ ਗੰਭੀਰਤਾ ਨਹੀਂ ਦਿਖਾ ਰਹੇ। ਲੇਕ ਉਤੇ ਭੀੜ ਹਣ ਦੇ ਬਾਵਜੂਦ ਵੀ ਲੋਕਾਂ ਨੂੰ ਬਿਨਾਂ ਮਾਸਕ ਘੁੰਮਦੇ ਦੇਖਿਆ ਜਾ ਸਕਦਾ ਹੈ।

## 25 ਲੱਖ ਰੁਪਏ ਦਾ ਇਨਾਮ ਦੱਸ ਕੌਨ ਬਨੇਗਾ ਕਰੋੜਪਤੀ ਦੇ ਨਾਂਅ ਉੱਤੇ 3230 ਲੱਖ ਦੀ ਠੱਗੀ

ਬਠਿੰਡਾ, 6 ਦਸੰਬਰ (ਪੋਸਟ ਬਿਊਰੋ)- ‘ਕੌਨ ਬਣੇਗਾ ਕਰੋੜਪਤੀ’ ਦੇ ਨਾਂਅ ’ਤੇ ਠੱਗਾਂ ਵੱਲੋਂ ਬਠਿੰਡਾ ਦੇ ਵਿਅਕਤੀ ਨਾਲ 32.30 ਲੱਖ ਰੁਪਏ ਦੀ ਠੱਗੀ ਦਾ ਪਤਾ ਲੱਗਾ ਹੈ। ਠੱਗੀ ਮਾਰਨ ਵਾਲੇ ਗੈਂਗ ਵਿੱਚ 18 ਜਣੇ ਬਿਹਾਰ ਦੇ, ਦੋ ਉਤਰ ਪ੍ਰਦੇਸ਼ ਅਤੇ ਇੱਕ ਦਿੱਲੀ ਦਾ ਹੈ, ਜਿਨ੍ਹਾਂ ਦੇ ਖਿਲਾਫ ਪੁਲਸ ਨੇ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਹੈ।





ਪੀੜਤ ਨੇ ਪੁਲਸ ਨੂੰ ਦੱਸਿਆ ਕਿ 20 ਦਸੰਬਰ 2019 ਨੂੰ ‘ਕੌਨ ਬਨੇਗਾ ਕਰੋੜਪਤੀ’ ਸੀਰੀਅਲ ਦਾ ਅਧਿਕਾਰੀ ਦੱਸ ਕੇ ਇੱਕ ਦੋਸ਼ੀ ਨੇ ਫੋਨ ’ਤੇ ਦੱਸਿਆ ਕਿ ਉਸ ਦੀ 25 ਲੱਖ ਰੁਪਏ ਦੀ ਲਾਟਰੀ ਨਿਕਲੀ ਹੈ। ਉਨ੍ਹਾਂ ਲੋਕਾਂ ਨੇ ਨਿਰਮਲ ਸਿੰਘ ਨੂੰ ਭਰੋਸੇ ਵਿੱਚ ਲੈਣ ਪਿੱਛੋਂ ਉਸ ਤੋਂ 15,200 ਰੁਪਏ ਇੱਕ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾ ਲਏ। ਇਸ ਤੋਂ ਬਾਅਦ ਰਾਜੇਸ਼ ਚੌਹਾਨ, ਸਿਧਾਰਥ ਗੁਪਤਾ ਅਤੇ ਓਮ ਪ੍ਰਕਾਸ਼ ਦੇ ਨਾਂਅ ਦੇ ਲੋਕਾਂ ਦੇ ਫੋਨ ਆਏ, ਜਿਨ੍ਹਾਂ ਨੇ ਖੁਦ ਨੂੰ ਬੈਂਕ ਅਧਿਕਾਰੀ ਦੱਸ ਕੇ ਵੱਖ-ਵੱਖ ਬੈਂਕਾਂ ’ਚ 32 ਲੱਖ ਤੀਹ ਹਜ਼ਾਰ 300 ਰੁਪਏ ਜਮ੍ਹਾ ਕਰਵਾ ਲਏ। ਦੋਸ਼ੀਆਂ ਨੇ ਕਿਹਾ ਕਿ ਉਹ ਐਨੀ ਵੱਡੀ ਰਕਮ ਨੂੰ ਬੈਂਕ ਖਾਤੇ ਵਿੱਚ ਨਹੀਂ ਪਾ ਸਕਦੇ, ਇਸ ਲਈ ਉਹ ਗੱਡੀਰਾਹੀਂ ਰਕਮ ਬਠਿੰਡਾ ਵਿਖੇ ਉਸ ਦੇ ਘਰ ਭੇਜ ਰਹੇ ਹਨ। ਇਸ ਤੋਂ ਬਾਅਦ ਗੱਡੀਆਂ ਲੇਟ ਹੋਣ ਦਾ ਬਹਾਨਾ ਬਣਾ ਕੇ ਉਨ੍ਹਾਂ ਨੇ ਕਿਹਾ ਕਿ ਉਹ ਕਿਸੇ ਹੋਟਲ ਵਿੱਚ ਠਹਿਰੇ ਹਨ, ਇਸ ਦੇ ਬਦਲੇ ਮੁਲਜ਼ਮਾਂ ਨੇ ਲੱਖ ਰੁਪਏ ਹੋਰ ਮੰਗੇ। ਇਸ ਉੱਤੇ ਉਸ ਨੇ ਪੁਲਸ ਨੂੰ ਸੂਚਿਤ ਕਰ ਦਿੱਤਾ।ਪੁਲਸ ਜਾਂਚ ਵਿੱਚ ਪਤਾ ਲੱਗਾ ਕਿ ਦੋਸ਼ੀਆਂ ਨੇ ਜਿਨ੍ਹਾਂ ਛੇ ਬੈਂਕ ਖਾਤਿਆਂ ’ਚ ਪੈਸੇ ਮੰਗਵਾਏ ਸਨ, ਉਹ ਫਰਜ਼ੀ ਕਾਗਜ਼ਾਂ ’ਤੇ ਖੁੱਲ੍ਹਵਾਏ ਗਏ ਸਨ। ਪੁਲਸ ਨੇ ਦੋਸ਼ੀਆਂ ਤੋਂ ਇਲਾਵਾ ਉਨ੍ਹਾਂਲੋਕਾਂ ਦਾ ਵੀ ਪਤਾ ਲਾ ਲਿਆ ਹੈ ਜਿਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਇਹ ਰਕਮ ਟਰਾਂਸਫਰ ਕਰਾਈ ਗਈ। ਥਾਣਾ ਸਿਵਲ ਲਾਈਨ ਦੇ ਸਬ ਇੰਸਪੈਕਟਰ ਕਰਮਜੀਤ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਖਿਲਾਫ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਗੈਂਗ ਵਿੱਚ 18 ਬਿਹਾਰ ਦੇ, ਦੋ ਉਤਰ ਪ੍ਰਦੇਸ਼ ਦੇ ਅਤੇ ਇੱਕ ਦਿੱਲੀ ਦਾ ਹੈ, ਜਿਨ੍ਹਾਂ ਦੀ ਗ੍ਰਿਫਤਾਰੀ ਲਈ ਬਿਹਾਰ ਤੇ ਦਿੱਲੀ ਪੁਲਸ ਨਾਲ ਸੰਪਰਕ ਕੀਤਾ ਜਾ ਰਿਹਾ ਹੈ।

## ਮੱਧ ਪ੍ਰਦੇਸ਼ ਤੋਂ ਲਿਆਂਦਾ ਗਿਆ ਹਥਿਆਰਾਂ ਦਾ ਜ਼ਖੀਰਾ ਫੜ੍ਹਿਆ, 8 ਗ੍ਰਿਫਤਾਰ

*** ਦੋਸ਼ੀਆਂ ਕੋਲੋਂ 10 ਪਿਸਤੌਲ ਅਤੇ 42 ਕਾਰਤੂਸ ਜ਼ਬਤ**

ਅੰਮ੍ਰਿਤਸਰ, 6 ਦਸੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਦੀ ਖੁਫੀਆ ਸੈਲ ਨੇ ਹਥਿਆਰਾਂ ਦੇ ਵੱਡੇ ਜ਼ਖੀਰੇ ਨਾਲ ਅੱਠ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾ ਦੇ ਕਬਜ਼ੇ ’ਚੋਂ 10 ਪਿਸਤੌਲ ਅਤੇ 42 ਕਾਰਤੂਸ ਮਿਲੇ ਹਨ।



ਜਾਂਚ ਵਿੱਚ ਪਤਾ ਲੱਗਾ ਹੈ ਕਿ ਇਹ ਗੈਂਗ ਮੱਧ ਪ੍ਰਦੇਸ਼ ਤੋਂ ਹਥਿਆਰ ਲਿਆ ਕੇ ਪੰਜਾਬ ਵਿੱਚ ਸਪਲਾਈ ਕਰਦਾ ਹੈ।ਪੁਲਸ ਦੋਸ਼ੀਆਂ ਤੋਂ ਪੁੱਛਗਿੱਛ ਕਰਕੇ ਪਤਾ ਕਰ ਰਹੀ ਹੈ ਕਿ ਹਥਿਆਰਾਂ ਦੀ ਖੇਪ ਉਨ੍ਹਾਂ ਨੇ ਅੱਤਵਾਦੀਆਂ ਜਾਂ ਲੁਟੇਰਿਆਂ ਨੂੰ ਦੇਣ ਲਈ ਤਾਂ ਨਹੀਂਲਿਆਂਦੀ ਸੀ। ਦੋਸ਼ੀਆਂ ਦੀ ਗ੍ਰਿਫਤਾਰੀ ਕੁਝ ਦਿਨ ਪਹਿਲਾਂ ਗ੍ਰਿਫਤਾਰ ਪਿਸਤੌਲ ਤੇ ਕਾਰਤੂਸ ਦੇ ਨਾਲ ਫੜੇ ਗਏ ਸੰਗਰੂਰ ਦੇ ਸੇਰੋਂ ਪਿੰਡ ਦੇ ਮਨਪ੍ਰੀਤ ਸਿੰਘ ਦੀ ਪੁੱਛਗਿੱਛ ਉੱਤੇ ਕੀਤੀ ਗਈ ਹੈ। ਦੋਸ਼ੀਆਂ ਤੋਂ ਪੁਲਸ ਨੂੰ ਉਤਰ ਪ੍ਰਦੇਸ਼, ਬਿਹਾਰ ਅਤੇ ਮੱਧ ਪ੍ਰਦੇਸ਼ ਦੇ ਕਈ ਤਸਕਰਾਂ ਦੇ ਸੂਤਰ ਮਿਲੇ ਹਨ।ਖੁਫੀਆ ਸੈਲ ਅਨੁਸਾਰ ਦੋਸ਼ੀਆਂ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕਾਹਨੂੰਵਾਨ ਦਾ ਰਾਜਵੀਰ ਸਿੰਘ ਉਰਫ ਰਾਜੂ, ਬਟਾਲਾ ਦੇ ਕਿਲਾ ਲਾਲ ਸਿੰਘ ਦਾ ਪਵਨਦੀਪ ਸਿੰਘ, ਰਵਦੀਪ ਸਿੰਘ ਉਰਫ ਰਵੀ, ਜ਼ਿਲ੍ਹਾ ਤਰਨ-ਤਾਰਨ ਦੇ ਹੰਸਾ ਵਾਲਾ ਪਿੰਡ ਦਾ ਗੁਰਇਕਬਾਲ ਸਿੰਘ ਉਰਫ ਰੋਬਿਨ, ਡੇਰਾ ਬਾਬਾ ਨਾਨਕ ਦਾ ਜਗਮੀਤ ਸਿੰਘ ਉਰਫ ਮੀਤ, ਬਟਾਲਾ ਦੇ ਘੁਮਾਣ ਪਿੰਡ ਦਾ ਹੀਰਾ ਸਿੰਘ ਉਰਫ ਭਲਵਾਨ, ਗੋਇੰਦਵਾਲ ਦਾ ਗਗਨਦੀਪ ਸਿੰਘ ਅਤੇ ਬਟਾਲਾ ਦੇ ਹਰਗੋਬਿੰਦਪੁਰ ਦਾ ਗੁਰਪ੍ਰੀਤ ਸਿੰਘ ਉਰਫ ਗੋਪੀ ਸ਼ਾਮਲ ਹਨ।

ਗਿਰੋਹ ਦੇ ਇੱਕ ਹੋਰ ਮੈਂਬਰ ਤਰਨ ਤਾਰਨ ਵਾਸੀ ਕੋਮਲਪ੍ਰੀਤ ਸਿੰਘ ਦੀ ਗ੍ਰਿਫਤਾਰੀ ਲਈ ਪੁਲਸ ਛਾਪੇਮਾਰੀ ਕਰ ਰਹੀ ਹੈ। ਪਤਾ ਲੱਗਾ ਹੈ ਕਿ ਕੋਮਲਪ੍ਰੀਤ ਸਿੰਘ ਤੇ ਮਨਪ੍ਰੀਤ ਸਿੰਘ ਮੱਧ ਪ੍ਰਦੇਸ਼ ਦੇ ਬੈਤੂਲ ਦੇ ਅਸ਼ੋਕ ਗੁੱਜਰ ਤੋਂ ਹਥਿਆਰਾਂ ਦੀ ਖੇਪ ਮੰਗਵਾ ਰਹੇ ਸੀ। ਇਸ ਮਾਮਲੇ ਵਿੱਚ ਪੁਲਸ ਨੂੰ ਮੱਧ ਪ੍ਰਦੇਸ਼ ਦੇ ਇੰਦੌਰ ਵਾਸੀ ਰਾਹੁਲ ਦੀ ਵੀ ਤਲਾਸ਼ ਹੈ।

## ਫਾਈਬਰ ਆਪਟਿਕ ਕੇਬਲ ਦੇ ਪਿਤਾਮਾ ਮੋਗਾ ਦੇ ਡਾ: ਕੰਪਾਨੀ ਦਾ ਦਿਹਾਂਤ

ਮੋਗਾ, 6 ਦਸੰਬਰ (ਪੋਸਟ ਬਿਊਰੋ)- ਫਾਈਬਰ ਆਪਟਿਕ ਕੇਬਲ ਦੇ ਪਿਤਾਮਾ ਡਾ: ਨਰਿੰਦਰ ਸਿੰਘ ਕੰਪਾਨੀ (94 ਸਾਲ) ਦਾ ਅਮਰੀਕਾ ਦੇ ਕੈਲੇਫੋਰਨੀਆ ਵਿਖੇ ਬਿਕਰੀ ਏਰੀਆ ਵਿੱਚ ਸਰਗਵਾਸ ਹੋ ਗਿਆ ਹੈ।

ਡਾ: ਕੰਪਾਨੀ ਦੇ ਚਲੇ ਜਾਣ ਦੇ ਨਾਲ ਵਿਗਿਆਨ ਦੇ ਇੱਕ ਯੁੱਗ ਦਾ ਅੰਤ ਹੋ ਗਿਆ ਹੈ। ਅੱਜ ਅਸੀਂ ਜਿਸ ਸੋਸ਼ਲ ਮੀਡੀਆ ਦਾ ਆਨੰਦ ਮਾਣ ਰਹੇ ਹਾਂ, ਇਹ ਡਾ: ਨਰਿੰਦਰ ਸਿੰਘ ਕੰਪਾਨੀ ਦੀ ਦੇਣ ਹੈ। ਉਨ੍ਹਾਂ ਨੇ ਆਪਣੀ ਇਸ ਤਾਕਤ ਨਾਲ ਸੰਸਾਰ ਨੂੰ ਇੱਕ ਪਿੰਡ ਵਾਂਗ ਬਣਾ ਦਿੱਤਾ ਹੈ। ਫਾਈਬਰ ਕੇਬਲ ਦਾ ਟੈਲੀਫੋਨ, ਇੰਟਰਨੈਟ ਅਤੇ ਕੇਬਲ ਨੈਟਵਰਕ ਦੇ ਲਈ ਜ਼ਿਆਦਾਤਰ ਕੰਪਨੀਆਂ ਪ੍ਰਯੋਗ ਕਰਦੀਆਂ ਹਨ। ਇਸ ਲਈ ਡਾ: ਕੰਪਾਨੀ ਨੂੰ ਫਾਈਬਰ ਆਪਟਿਕ ਕੇਬਲ ਦਾ ਪਿਤਾਮਾ ਕਿਹਾ ਜਾਂਦਾ ਹੈ।ਡਾ : ਨਰਿੰਦਰ ਕੰਪਾਨੀ ਦਾ ਜਨਮ 31 ਅਕਤੂਬਰ



1926 ਨੂੰ ਮੋਗਾ ਵਿੱਚ ਹੋਇਆ ਸੀ। ਉਨ੍ਹਾਂ ਨੇ ਆਪਣਾ ਬਚਪਨ ਸਕੂਲ ਦੀ ਪੜ੍ਹਾਈ ਕਰਦੇ ਹੋਏ ਮੋਗੇ ਦੀਆਂ ਗਲੀਆਂ ਵਿੱਚ ਬਿਤ-ਾਇਆ। ਅੱਜ ਕੱਲ੍ਹਉਹ ਅਮਰੀਕਾ ਵਿੱਚ ਰਹਿੰਦੇ ਸਨ, ਪਰ ਪੰਜਾਬ ਨਾਲ ਜੁੜੇ ਹੋਏ ਸਨ। ਉਨ੍ਹਾਂ ਨੇ ਆਗਰਾ ਯੂਨੀਵਰਸਿਟੀ ਤੋਂ ਬੀ ਏ ਦੀ ਡਿਗਰੀ ਲਈ ਅਤੇ ਫਿਰ ਉਨ੍ਹਾਂ ਨੇ 1955 ਵਿੱਚ ਇੰਪੀਰੀਅਲ ਕਾਲਜ ਆਫ ਸਾਇੰਸ ਐਂਡ ਟੈਕਨਾਲੋਜੀ ਲੰਡਨ ਤੋਂ ਫਿਜੀਕਸ ਵਿੱਚ ਫਾਈਬਰ ਆਪਟੀਕਸ ਅਤੇ ਆਪਣੀ ਪੀ ਐਚ ਡੀ ਦੀ ਡਿਗਰੀ ਦਾ ਥੀਸਿਜ਼ ਲਿਖਕੇ ਡਿਗਰੀ ਪ੍ਰਾਪਤ ਕੀਤੀ। ਡਾ : ਨਰਿੰਦਰ ਸਿੰਘ ਕੰਪਾਨੀ ਨੇ ਅਮਰੀਕਾ ਵਿੱਚ ਸਾਇੰਸ ਦੇ ਵਿਦਿਆਰਥੀਆਂ ਨੂੰ ਪੜ੍ਹਾਇਆ ਅਤੇ ਕਈ ਵਪਾਰਕ ਅਦਾਰੇ ਚਲਾ ਕੇ ਪੰਜਾਬ ਅਤੇ ਸਿੱਖਾਂ ਦਾ ਨਾਂਅ ਰੋਸ਼ਨ ਕੀਤਾ ਉਨ੍ਹਾਂ ਨੇ ਕਮਿਊਨੀਕੇਸ਼ਨ, ਲੇਜਰ, ਬਾਇਓ ਮੈਡੀਕਲ ਇੰਸਟਰੂਮੈਂਟਸ, ਸੋਲਰ ਐਨਰਜੀ ਤੇ ਪਲਿਊਸ਼ਨ ਮਾਨੀਟ੍ਰਿੰਗ ਵਿਸ਼ਿਆਂ ਵਿੱਚ ਖੋਜ ਕਰ ਕੇ ਮੁਹਾਰਤ ਹਾਸਲ ਕੀਤੀ। ਉਨ੍ਹਾਂ ਦੇ ਕੋਲ 100 ਪੇਟੈਂਟਸ ਸਨ। ਉਨ੍ਹਾਂ ਦੀਆਂ ਚਾਰ ਪੁਸਤਕਾਂ ਅਤੇ 100 ਪੇਪਰ ਛਪ ਚੁੱਕੇ ਹਨ। ਉਨ੍ਹਾਂ ਦੇ ਬਾਅਦ ਇਸ ਫਾਈਬਰ ਕੇਬਲ ਵਿੱਚ ਹੋਰ ਅਡਵਾਂਸ ਖੋਜਾਂ ਵੀ ਹੋ ਚੁੱਕੀਆਂ ਹਨ, ਪਰਉਨ੍ਹਾਂ ਸਾਰੀਆਂ ਖੋਜਾਂ ਦਾ ਆਧਾਰ ਨਰਿੰਦਰ ਸਿੰਘ ਕੰਪਾਨੀ ਦੀ ਖੋਜ ਹੈ।

## ਵਰਦੀ ਅਤੇ ਸਰਕਾਰੀ ਅਸਲਾ ਦੂਸਰੇ ਨੂੰ ਦੇਣ ਵਾਲੇ ਥਾਣੇਦਾਰ ਦੀ ਨੌਕਰੀ 5 ਸਾਲ ਘਟਾਈ


ਮੋਗਾ, 6 ਦਸੰਬਰ (ਪੋਸਟ ਬਿਊਰੋ)- ਆਪਣੀ ਵਰਦੀ ਤੇ ਸਰਕਾਰੀ ਅਸਲਾ ਆਪਣੇ ਪਛਾਣ ਵਾਲੇ ਨੌਜਵਾਨ ਨੂੰ ਦੇਣ ਵਾਲੇ ਏ ਐਸ ਆਈ ਦੀ ਨੌਕਰੀ ਪੰਜ ਸਾਲ ਘੱਟ ਕਰ ਦਿੱਤੀ ਗਈ ਹੈ। ਇਹ ਕਾਰਵਾਈ ਵਿਭਾਗੀ ਜਾਂਚ ਵਿੱਚ ਦੋਸ਼ ਸਿੱਧ ਹੋਣ ਉੱਤੇ ਐਸ ਐਸ ਪੀ ਨੇ ਕੀਤੀ ਹੈ। ਇਸ ਤੋਂ ਪਹਿਲਾਂ ਦੋਸ਼ੀ ਏ ਐਸ ਆਈ ਦੇ ਖਿਲਾਫ ਡੀ ਐਸ ਪੀ ਨਾਰਕੋਟਿਕਸ ਸੈਲ ਵੱਲੋਂ ਚਾਰ ਮਹੀਨੇ ਪਹਿਲਾਂ ਵਿਭਾਗੀ ਜਾਂਚ ਪੂਰੀ ਕਰ ਕੇ ਰਿਪੋਰਟ ਐਸ ਐਸ ਪੀ ਨੂੰ ਦਿਤੀਗਈ ਸੀ।



ਦੋਸ਼ਾਂ ਵਿੱਚ ਘਿਰੇ ਏ ਐਸ ਆਈ ਨੇ ਜਾਂਚ ਦੌਰਾਨ ਸੀਨੀਅਰ ਅਧਿਕਾਰੀਆਂ ਸਾਹਮਣੇ ਆਪਣੇ ਉਪਰ ਲੱਗੇ ਦੋਸ਼ਾਂ ਨੂੰ ਇੱਕ ਸਾਜ਼ਿਸ਼ ਦੱਸਿਆ ਸੀ।ਪਤਾ ਲੱਗਾ ਹੈ ਕਿ ਜੁਲਾਈ ਵਿੱਚ ਸਪੈਸ਼ਲ ਟਾਸਕ ਫੋਰਸ (ਐਸ ਟੀ ਐਫ) ਦੇ ਏ ਐਸ ਆਈ ਬਲਜੀਤ ਸਿੰਘ ਦੇ ਖਿਲਾਫ ਮੀਡੀਆ ਵਿੱਚ ਖਬਰਾਂ ਛਪਣ ਦੇ ਬਾਅਦ ਕੇਸ ਦੀ ਗੰਭੀਰਤਾ ਨੂੰ ਦੇਖਦੇ ਹੋਏ ਐਸ ਐਸ ਪੀ ਨੇ ਇਸ ਦੀ ਜਾਂਚ ਡੀ ਐਸ ਪੀ ਸਪੈਸ਼ਲ ਬ੍ਰਾਂਚ ਨੂੰ ਸਤੰਬਰ ਵਿੱਚ ਦਿਤੀ ਸੀ। ਏ ਐਸ ਆਈ ਉੱਤੇ ਕਿਸੇ ਵਿਆਹੁਤਾ ਔਰਤ ਨਾਲ ਸੰਬੰਧਾਂ ਅਤੇ ਆਪਣੀ ਵਰਦੀ ਅਤੇ ਸਰਕਾਰੀ ਅਸਲਾ ਕਿਸੇ ਹੋਰ ਨੂੰ ਦੇਣ ਦਾ ਦੋਸ਼ ਸੀ। ਜਾਂਚ ਵਿੱਚ ਵਰਦੀ ਗੁਰਮੀਤ ਸਿੰਘ ਨੂੰ ਪਹਿਨਾਉਣ ਤੇ ਉਸ ਨੂੰ ਸਰਕਾਰੀ ਅਸਲਾ ਦੇਣ ਦਾ ਦੋਸ਼ੀ ਪਾਇਆ ਗਿਆ ਹੈ। ਇਸ ਦੇ ਬਾਅਦ ਕਾਰਵਾਈ ਕੀਤੀ ਗਈ ਹੈ।ਐਸ ਐਸ ਪੀ ਹਰਮਨਬੀਰ ਸਿੰਘ ਗਿੱਲ ਨੇ ਕਿਹਾ ਕਿ ਜਾਂਚ ਵਿੱਚ ਏ ਐਸ ਆਈ ਦੀ ਲਾਪਰਵਾਹੀ ਮਿਲੀ ਹੈ ਇਸ ਲਈ ਕਾਰਵਾਈ ਜ਼ਰੂਰੀ ਸੀ। ਉਸ ਦੀ ਪੰਜ ਸਾਲ ਲਈ ਨੌਕਰੀ ਵਿੱਚ ਕਟੌਤੀ ਕਰ ਦਿੱਤੀ ਗਈ ਹੈ।

## ਡੇਰੇ ਉਤੇ ਰਹਿਣ ਤੋਂ ਰੋਕਿਆ ਤਾਂ ਬੇਟੇ ਨੇ ਮਾਂ ਦਾ ਕਤਲ ਕੀਤਾ

ਕਪੂਰਥਲਾ, 6 ਦਸੰਬਰ (ਪੋਸਟ ਬਿਊਰੋ)- ਥਾਣਾ ਫੱਤੂਢੀਂਗਾ ਦੇ ਪਿੰਡ ਖੀਰਾਂਵਾਲੀ ਵਿਖੇ ਜਹਾਂਗੀਰਪੁਰ ਵਿੱਚ ਡੇਰੇ ਵਿੱਚ ਰਹਿਣ ਤੋਂ ਮਨ੍ਹਾ ਕਰਨ ਤੋਂ ਗੁੱਸੇ ਵਿੱਚ ਆਏ ਬੇਟੇ ਨੇ ਆਪਣੀ ਮਾਂ ਦੇ ਸਿਰ ’ਤੇ ਕਹੀ ਮਾਰ ਕੇ ਕਤਲ ਕਰ ਦਿੱਤਾ ਅਤੇ ਫਰਾਰ ਹੋ ਗਿਆ। ਦੋਸ਼ੀ ਦੀ ਪਛਾਣ ਮਨਜੀਤ ਸਿੰਘ ਪੁੱਤਰ ਬਲਬੀਰ ਸਿੰਘ ਪਿੰਡ ਜਹਾਂਗੀਰਪੁਰ ਵਜੋਂ ਹੋਈ ਹੈ। ਇਸ ਸੰਬੰਧ ਵਿੱਚ ਥਾਣਾ ਫੱਤੂਢੀਂਗਾ ਦੀ ਪੁਲਸ ਨੇ ਕੇਸ ਦਰਜ ਕਰ ਲਿਆ ਹੈ।





ਐਸ ਐਚ ਓ ਹਰਜੀਤ ਸਿੰਘ ਨੇ ਦੱਸਿਆ ਕਿ ਮਨਜੀਤ ਸਿੰਘ ਅੰਮ੍ਰਿਤਸਰ ਦੇ ਸੰਤ ਬਾਬਾ ਕਸ਼ਮੀਰ ਸਿੰਘ ਦੇ ਡੇਰੇ ਵਿੱਚ ਬਾਬਾ ਬਣ ਕੇ ਰਹਿੰਦਾ ਸੀ। ਉਸ ਦੀ ਮਾਂ ਮਨਿੰਦਰ ਕੌਰ ਆਪਣੇ ਬੇਟੇ ਮਨਜੀਤ ਦੇ ਘਰ ਤੋਂ ਬਾਹਰ ਰਹਿਣ ਦੇ ਕਾਰਨ ਪਰੇਸ਼ਾਨ ਰਹਿੰਦੀ ਸੀ ਅਤੇ ਸਮੇਂ-ਸਮੇਂ ’ਤੇ ਆਪਣੇ ਛੋਟੇ ਬੇਟੇ, ਜੋ ਮਲੇਸ਼ੀਆ ਵਿੱਚ ਰਹਿੰਦਾ ਹੈ, ਨੂੰ ਉਸ ਦੇ ਬਾਰੇ ਦੱਸਦੀ ਰਹਿੰਦੀ ਸੀ। ਜਦੋਂ ਇਸ ਗੱਲ ਦਾ ਮਨਜੀਤ ਸਿੰਘ ਨੂੰ ਪਤਾ ਲੱਗਾ ਤਾਂ ਉਸ ਨੇ ਘਰ ਆ ਕੇ ਆਪਣੀ ਮਾਂ ਨਾਲ ਇਸ ਗੱਲ ਤੋਂ ਝਗੜਾ ਸ਼ੁਰੂ ਕਰ ਦਿੱਤਾ। ਗੁੱਸੇ ਵਿੱਚ ਆ ਕੇ ਉਸ ਨੇ ਨੇੜੇ ਪਈ ਕਹੀ ਨਾਲ ਮਨਿੰਦਰ ਕੌਰ ਦੇ ਸਿਰ ’ਤੇ ਕਈ ਵਾਰ ਕੀਤੇ ਜਿਸ ਕਾਰਨ ਉਸ ਦੀ ਮੌਕੇ ’ਤੇ ਮੌਤ ਹੋ ਗਈ।ਮਨਜੀਤ ਸਿੰਘ ਦੇ ਛੋਟੇ ਭਰਾ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ 26 ਸਾਲ ਪਹਿਲਾਂ ਉਸ ਦੇ ਪਿਤਾ ਦੀ ਮੌਤ ਹੋ ਗਈ ਸੀ। ਉਹ ਤਿੰਨ ਭਰਾ ਅਤੇ ਦੋ ਭੈਣਾਂ ਹਨ ਅਤੇ ਦੋਵੇਂ ਭੈਣਾਂ ਦਾ ਵਿਆਹ ਹੋ ਚੁੱਕਾ ਹੈ। ਤਿੰਨਾਂ ਭਰਾਵਾਂ ਵਿੱਚੋਂ ਕਿਸੇ ਦਾ ਵਿਆਹ ਨਹੀਂ ਹੋਇਆ। ਉਸ ਦਾ ਇੱਕ ਭਰਾ ਜਸਪ੍ਰੀਤ ਸਿੰਘ ਮਲੇਸ਼ੀਆ ਵਿੱਚ ਹੈ।

## ਬੇਅਦਬੀ ਕੇਸ ਦੀ ਸੁਣਵਾਈ ’ਤੇ ਹਾਈ ਕੋਰਟ ਵੱਲੋਂ 10 ਤੱਕ ਰੋਕ

ਚੰਡੀਗੜ੍ਹ, 6 ਦਸੰਬਰ (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੇ ਵਕਤ ਹੋਏ ਬੇਅਦਬੀ ਮਾਮਲਿਆਂ ਦੀ ਸੀ ਬੀ ਆਈ ਕੋਰਟ ਅਤੇ ਫਰੀਦਕੋਟ ਜ਼ਿਲ੍ਹਾ ਅਦਾਲਤ ਵਿੱਚ ਚੱਲਦੀ ਸੁਣਵਾਈ ’ਤੇ ਹਾਈ ਕੋਰਟ ਨੇ 10 ਦਸੰਬਰ ਤੱਕ ਰੋਕ ਲਾ ਕੇ ਕਿਹਾ ਕਿ ਦੋਵਾਂ ਅਦਾਲਤਾਂ ਅਜਿਹਾ ਕੋਈ ਹੁਕਮ ਜਾਰੀ ਨਾ ਕਰਨ, ਜਿਸ ਤੋਂ ਇਹ ਕੇਸ ਹੋਰ ਉਲਝ ਜਾਏ, ਇਸ ਲਈ ਬਿਹਤਰ ਹੋਵੇਗਾ ਕਿ ਦੋਵੇਂ ਅਦਾਲਤਾਂ ਹਾਈ ਕੋਰਟ ਦੇ ਅਗਲੇ ਹੁਕਮਾਂ ਤੱਕ ਸੁਣਵਾਈ ਨਾ ਕਰਨ।





ਜਸਟਿਸ ਅਮੋਲ ਰਤਨ ਸਿੰਘ ਨੇ ਇਹ ਹੁਕਮ ਇਸ ਕੇਸ ਦੇ ਦੋਸ਼ੀਆਂ ਵੱਲੋਂ ਦਾਇਰ ਪਟੀਸ਼ਨ ਉੱਤੇ ਸੁਣਵਾਈ ਦੇ ਦੌਰਾਨ ਦਿੱਤੇ ਹਨ। ਇਨ੍ਹਾਂ ਵਿੱਚੋਂ ਇੱਕ ਦੋਸ਼ੀ ਨੇ ਹਾਈ ਕੋਰਟ ਵਿੱਚ ਅਰਜ਼ੀਪਸ਼ੇ ਕਰ ਕੇ ਵਿਸੇਸ਼ ਜਾਂਚ ਟੀਮ (ਐਸ ਆਈ ਟੀ) ਵੱਲੋਂ ਛੇ ਜੁਲਾਈ ਨੂੰ ਡਿਊਟੀ ਮੈਜਿਸਟਰੇਟ ਨੂੰ ਸੌਂਪੀ ਫਾਈਨਲ ਰਿਪੋਰਟ ਅਤੇ ਚਲਾਨ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਅਤੇ ਕਿਹਾ ਸੀ ਕਿ ਸੀ ਬੀ ਆਈ ਨੇ ਵੀ ਮਾਮਲੇ ਦੀ ਜਾਂਚ ਕਰ ਕੇ ਬੀਤੀ ਚਾਰ ਜੁਲਾਈ ਨੂੰ ਕਲੋਜ਼ਰ ਰਿਪੋਰਟ ਸੌਂਪ ਦਿੱਤੀ ਸੀ, ਸਰਕਾਰ ਭਾਵੇਂ ਸੀ ਬੀ ਆਈ ਜਾਂਚ ਦੇ ਹੁਕਮ ਵਾਪਸ ਲੈ ਚੁੱਕੀ ਸੀ, ਪਰ ਬੀਤੇ ਸਾਲ ਸੀ ਬੀ ਆਈ ਵੱਲੋਂ ਕੇਸ ਦੀ ਕਲੋਜ਼ਰ ਰਿਪੋਰਟ ਸੌਂਪੇ ਜਾਣ ਪਿੱਛੋਂ ਬਿਊਰੋ ਆਫ ਇਨਵੈਸਟੀਗੇਸ਼ਨ ਵੱਲੋਂ ਸੀ ਬੀ ਆਈ ਨੂੰ ਕਿਹਾ ਗਿਆ ਕਿ ਇਸ ਕੇਸ ਵਿੱਚ ਕੁਝ ਲੀਡ ਮਿਲੀ ਹੈ, ਇਸ ਲਈ ਉਹ ਕੇਸ ਦੀ ਅੱਗੇ ਜਾਂਚ ਕਰਨ ਤੇ ਇਸ ਦੇ ਬਾਰੇ 26 ਅਗਸਤ ਨੂੰ ਸੀ ਬੀ ਆਈ ਕੋਰਟ ਨੂੰ ਵੀ ਸੂਚਿਤ ਕੀਤਾ ਗਿਆ ਸੀ। ਇਸ ਦੇ ਬਾਅਦ ਸੀ ਬੀ ਆਈ ਕੋਰਟ ਨੇ ਅੱਗੇ ਜਾਂਚ ਰਿਪੋਰਟ ਪੇਸ਼ ਕੀਤੇ ਜਾਣ ਦੇ ਸੀ ਬੀ ਆਈ ਨੂੰ ਹੁਕਮ ਦੇ ਦਿੱਤੇ ਸਨ। ਦੋਸ਼ੀਆਂ ਵੱਲੋਂ ਆਏ ਸੀਨੀਅਰ ਐਡਵੋਕੇਟ ਵਿਨੋਦ ਘਈ ਨੇ ਕਿਹਾ ਕਿ ਹਾਈ ਕੋਰਟ ਇਸ ਕੇਸ ਦੀ ਜਾਂਚ ਐਸ ਆਈ ਟੀ ਨੂੰ ਸੌਂਪ ਚੁੱਕੀ ਹੈ, ਪਰ ਐਸ ਆਈ ਟੀ ਸਹੀ ਜਾਂਚ ਨਹੀਂ ਕਰ ਰਹੀ। ਇਸ ਕੇਸ ਦੇ ਸ਼ਿਕਾਇਤਕਰਤਾ ਵੱਲੋਂ ਕਿਹਾ ਗਿਆ ਕਿ ਇਸ ਕੇਸ ਬਾਰੇ ਕੱਲ੍ਹ ਸੀ ਬੀ ਆਈ ਕੋਰਟ ਸੁਣਵਾਈ ਕਰ ਰਹੀ ਹੈ, ਜੋ ਕਈ ਅਰਜ਼ੀਆਂ ’ਤੇ ਫੈਸਲਾ ਸੁਣਾ ਸਕਦੀ ਹੈ। ਉਸ ਪਿੱਛੋਂ ਫਰੀਦਕੋਟ ਅਦਾਲਤ ਵਿੱਚ ਇਸ ਕੇਸ ਦੀ ਜਲਦੀ ਹੀ ਸੁਣਵਾਈ ਹੋਣੀ ਹੈ। ਇਸ ’ਤੇ ਹਾਈ ਕਰੋਟ ਨੇ ਇਸ ਦੀ ਸੁਣਵਾਈ 10 ਦਸੰਬਰ ਤੱਕ ਮੁਲਤਵੀ ਕਰਦੇ ਹੋਏ ਸੀ ਬੀ ਆਈ ਕੋਰਟ ਅਤੇ ਫਰੀਦਕੋਟ ਜ਼ਿਲ੍ਹਾ ਅਦਾਲਤ ਨੂੰ 10 ਦਸੰਬਰ ਤੱਕ ਕੇਸ ਦੀ ਸੁਣਵਾਈ ਨਾ ਕਰਨ ਲਈ ਕਿਹਾ ਹੈ।

## ਡੀ ਐਮ ਡਬਲਯੂ ਪਟਿਆਲਾ ਵਿੱਚ ਰੇਲ ਦੇ ਡੀਜ਼ਲ ਇੰਜਣ ਬਣਾਏ ਜਾਣੇ ਬੰਦ ਹੋਏ

ਪਟਿਆਲਾ, 6 ਦਸੰਬਰ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਸਥਿਤ ਰੇਲ ਬਣਾਉਣ ਵਾਲੇ ਕਾਰਖਾਨੇ ਡੀਜ਼ਲ ਇੰਜਣ ਨਵੀਨੀਕਰਨ ਵਰਕਸ਼ਾਪ (ਡੀ ਐਮ ਡਬਲਯੂ) ਵਿੱਚ ਅੱਗੇ ਤੋਂ ਰੇਲ ਦੇ ਡੀਜ਼ਲ ਇੰਜਣ (ਲੋਕੋਮੋਟਿਵ) ਬਣਾਉਣੇ ਬੰਦ ਕਰ ਦਿੱਤੇ ਗਏ ਹਨ। ਤਾਜ਼ਾ ਹੁਕਮਾਂ ਤਹਿਤ ਇੱਥੇ ਡੀਜ਼ਲ ਇੰਜਣਾਂ ਦੇ ਪੁਰਜੇ ਵੀ ਨਹੀਂ ਬਣਾਏ ਜਾਣਗੇ।



ਇਸ ਬਾਰੇ ਰੇਲਵੇ ਦੀਆਂ ਮੁਲਾਜ਼ਮ ਜਥੇਬੰਦੀਆਂ ਨੇ ਵਿਰੋਧ ਪ੍ਰਗਟਾਇਆ ਹੈ। ਵਾਰਾਣਸੀ ਵਿੱਚ ਵੀ ਡੀਜ਼ਲ ਇੰਜਣ ਬਣਦੇ ਸਨ, ਜੋ ਬਣਾਉਣੇ ਬੰਦ ਕਰ ਦਿੱਤੇ ਗਏ ਹਨ ਅਤੇ ਅੱਗੇ ਤੋਂ ਇਹ ਡੀਜ਼ਲ ਇੰਜਣ ਇੱਕ ਪ੍ਰਾਈਵੇਟ ਕੰਪਨੀ ਜਨਰਲ ਇਲੈਕਟ੍ਰਿਕ (ਜੀ ਈ) ਵੱਲੋਂ ਬਣਾਏ ਜਾਣਗੇ, ਜੋ ਹਰ ਸਾਲ ਰੇਲਵੇ ਨੂੰ 100 ਡੀਜ਼ਲ ਇੰਜਣ ਬਣਾਕੇ ਦੇਵੇਗੀ।ਪਟਿਆਲਾ ਦੇ ਡੀ ਐਮ ਡਬਲਯੂ ਵਿੱਚ 1986 ਵਿੱਚ ਡੀਜ਼ਲ ਇੰਜਣ ਬਣਾਉਣ ਦੀ ਸ਼ੁਰੂਆਤ ਹੋਈ ਸੀ। ਮਾਰਚ 2019 ਤੱਕ ਇਥੇ ਰੇਲਵੇ ਦੇ 2700 ਤੋਂ ਵੱਧ ਡੀਜ਼ਲ ਇੰਜਣ ਬਣਾਉਣ ਵਿੱਚ ਸਫਲਤਾ ਹਾਸਲ ਕੀਤੀ ਗਈ। ਡੀ ਐਮ ਡਬਲਯੂ ਦੇ ਮੁੱਖ ਪ੍ਰਬੰਧਕ (ਸੀ ਈ ਓ) ਐਸ ਐਨ ਦੂਬੇ ਨੇ ਦੱਸਿਆ ਕਿ ਅੱਗੇ ਤੋਂ ਪਟਿਆਲਾ ਦੇ ਡੀਜ਼ਲ ਇੰਜਣ ਕਾਰਖਾਨੇ ਵਿੱਚ ਰੇਲ ਦੇ ਡੀਜ਼ਲ ਇੰਜਣ ਨਹੀਂ ਬਣਾਏ ਜਾਣਗੇ। ਇਹ ਫੈਸਲਾ ਰੇਲਵੇ ਬੋਰਡ ਨੇ ਲਿਆ ਹੈ।

ਰੇਲਵੇ ਦੀ ਕੌਮੀ ਪੱਧਰ ਦੀ ਮੁਲਾਜ਼ਮ ਜਥੇਬੰਦੀ ਦੇ ਸੰਗਠਨ ਸਕੱਤਰ ਜੁਮੇਰਦੀਨ ਤੇ ਜਨਰਲ ਸਕੱਤਰ ਸਰਬਜੀਤ ਸਿੰਘ ਨੇ ਕਿਹਾ ਕਿ ਨਿੱਜੀ ਕੰਪਨੀ ਨਾਲ ਡੀਜ਼ਲ ਇੰਜਣ ਬਣਾਉਣ ਸਬੰਧੀ ਸਮਝੌਤਾ ਸਹੀਬੰਦ ਕੀਤਾ ਗਿਆ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕੋਲ ਕਾਬਲ ਸਟਾਫ ਹੈ, ਪਰ ਨਿੱਜੀ ਕੰਪਨੀ ਨਾਲ ਸਮਝੌਤਾ ਕਰਨ ਨਾਲ ਉਨ੍ਹਾਂ ਦੀਆਂ ਵਰਕਸ਼ਾਪਾਂ ਖਾਲੀ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਉਹ ਇਸ ਫੈਸਲੇ ਵਿਰੁੱਧ ਸੰਘਰਸ਼ ਕਰਨਗੇ।



# ਗੁਜਰਾਤੀ ਵਿਦਿਆਰਥਣ ਦੀ ਆਰ ਟੀ ਆਈ ਉੱਤੇ ਯੂਨੀਵਰਸਿਟੀ ਨੇ ਕਿਹਾ: 'ਸਾਬਤ ਕਰੋ ਕਿ ਭਾਰਤੀ ਹੋ'




ਅਹਿਮਦਾਬਾਦ, 6 ਦਸੰਬਰ (ਪੋਸਟ ਬਿਊਰੋ)- ਗੁਜਰਾਤ ਯੂਨੀਵਰਸਿਟੀ ਨੇ ਸੂਚਨਾ ਦੇ ਅਧਿਕਾਰ ਦੇ ਹੇਠ ਮਿਲੇ ਨੰਬਰਾਂ ਦੀ ਜਾਣਕਾਰੀ ਮੰਗਣ ਵਾਲੀ ਵਿਦਿਆਰਥਣ ਨੂੰ ਉਸ ਦੇ ਭਾਰਤੀ ਹੋਣ ਦਾ ਸਬੂਤ ਪੇਸ਼ ਕਰਨ ਨੂੰ ਕਹਿ ਦਿੱਤਾ ਹੈ।

ਇਸ ਕੇਸ ਵਿੱਚ ਯੂਨੀਵਰਸਿਟੀ ਨੇ ਕਿਹਾ ਕਿ ਅਜਿਹਾ ਕਰਨ ਦੇ ਬਾਅਦ ਹੀ ਤੁਹਾਡੀ ਅਪੀਲ 'ਤੇ ਵਿਚਾਰ ਕੀਤਾ ਜਾਵੇਗਾ। ਪੰਜ ਸਮੈਸਟਰਾਂ ਵਿੱਚ ਗੋਲਡ ਮੈਡਲਿਸਟ ਰਹਿ ਚੁੱਕੀ ਮੁਸਲਿਮ ਵਿਦਿਆਰਥਣ ਨੇ ਛੇਵੇਂ ਸਮੈਸਟਰ ਦੇ ਲਿਖਤੀ ਅਤੇ ਐਕਸਟਰਨਲ ਨੰਬਰਾਂ ਦੀ ਜਾਣਕਾਰੀ ਲੈਣ ਲਈ ਆਰ ਟੀ ਆਈ ਵਿੱਚਅਪੀਲ ਕੀਤੀ ਸੀ।ਆਰ ਟੀ ਆਈ ਅਰਜ਼ੀ ਦੇਣ ਵਾਲੀ ਵਿਦਿਆਰਥਣ ਨੂੰ ਗੁਜਰਾਤ ਯੂਨੀਵਰਸਿਟੀ ਦੀ ਆਰ ਟੀ ਆਈ ਸੈੱਲ ਨੇ ਮੇਲ ਭੇਜ ਕੇ ਉਸ ਦੀ ਨਾਗਰਿਕਤਾ ਦਾ ਸਬੂਤ ਮੰਗਿਆ ਅਤੇ ਕਿਹਾ ਕਿ ਸੂਚਨਾ ਅਧਿਕਾਰ ਐਕਟ 2005 ਹੇਠ ਮੰਗੀਗਈ ਜਾਣਕਾਰੀ ਧਾਰਾ ਛੇ ਹੇਠ ਭਾਰਤੀ ਨਾਗਰਿਕਾਂ ਨੂੰ ਹੀ ਲੈਣ ਦਾ ਅਧਿਕਾਰ ਹੈ। ਤੁਹਾਨੂੰ ਭਾਰਤੀ ਨਾਗਰਿਕਤਾ ਸਬੰਧੀ ਸਬੂਤ ਦੇਣ ਦੀ ਅਪੀਲ ਹੈ। ਨਾਗਰਿਕਤਾ ਦਾ ਸਬੂਤ ਮਿਲਣ ਦੇ ਬਾਅਦ ਹੀ ਸੂਚਨਾ ਦੇਣ ਦੀ ਕਾਰਵਾਈ 'ਤੇ ਗੌਰ ਕੀਤਾ ਜਾਏਗਾ।

ਆਰ ਟੀ ਆਈਅਰਜ਼ੀ ਦੇਣ ਵਾਲੀ ਵਿਦਿਆਰਥਣ ਨੇ ਆਪਣਾ ਨਾਂਅ ਨਾ ਛਾਪਣ ਦੀ ਸ਼ਰਤ ਉਤੇ ਕਿਹਾ ਕਿ ਮੈਂਗੁਜਰਾਤ ਯੂਨੀਵਰਸਿਟੀ ਨਾਲ ਸੰਬੰਧਤ ਸਿਧਾਰਥ ਲਾਅ ਕਾਲਜ-ਗਾਂਧੀਨਗਰ ਦੇ ਛੇਵੇਂ ਸਮੈਸਟਰ ਦੀ ਵਿਦਿਆਰਥਣ ਹਾਂ ਅਤੇ ਲਗਾਤਾਰ ਪੰਜ ਸਮੈਸਟਰਾਂ ਵਿੱਚ ਗੋਲਡ ਮੈਡਲਿਸਟ ਰਹੀ ਹਾਂ। ਇਸ ਸਾਲ ਕੋਰੋਨਾ ਦੇ ਕਾਰਨ ਵਾਈਵਾ ਨਹੀਂ ਹੋਏ, ਇਸ ਲਈ ਰਿਜ਼ਲਟ ਦੇ ਬਾਅਦ ਮੈਂ ਪੇਪਰ ਦੀ ਫੋਟੋ ਕਾਪੀ ਤੇ ਇੰਟਰਨਲ ਨੰਬਰਾਂ ਦੀ ਜਾਣਕਾਰੀ ਦੀ ਅਪੀਲ ਦੇ ਨਾਲ 18 ਅਕਤੂਬਰ ਨੂੰ ਆਰ ਟੀ ਆਈ ਅਰਜ਼ੀ ਲਾਈ। 45 ਦਿਨਾਂ ਦੇ ਪਿੱਛੋਂ ਆਈ ਮੇਲ ਵਿੱਚ ਕਿਹਾ ਗਿਆ ਹੈ ਕਿ ਪਹਿਲਾਂ ਮੈਂ ਭਾਰਤੀ ਹੋਣ ਦਾ ਸਬੂਤ ਦਿਆਂ। ਮੈਂ ਆਰ ਟੀ ਆਈ ਵਿੱਚ ਕਿਸੇ ਸੰਵੇਦਨਸ਼ੀਲ ਸੂਚਨਾ ਦੇਣ ਦੀ ਅਪੀਲ ਕੀਤੀ ਹੀ ਨਹੀਂ, ਸਿਰਫ ਆਪਣੇ ਨਤੀਜੇ ਦੀ ਜਾਣਕਾਰੀ ਮੰਗੀ ਹੈ। ਮੇਰੇ ਦਾਦਾ ਦਾ ਜਨਮ ਆਜ਼ਾਦੀ ਤੋਂ ਪਹਿਲਾਂ ਭਾਰਤ ਵਿੱਚ ਹੋਇਆ ਸੀ।

# ਭਾਰਤੀ ਪਾਰਲੀਮੈਂਟ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਨਰਿੰਦਰ ਮੋਦੀ 10 ਨੂੰ ਰੱਖਣਗੇ



ਨਵੀਂ ਦਿੱਲੀ, 6 ਦਸੰਬਰ (ਪੋਸਟ ਬਿਊਰੋ)- ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 10 ਦਸੰਬਰ ਨੂੰ ਪਾਰਲੀਮੈਂਟ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਣਗੇ, ਜਿਹੜੀ ਪੁਰਾਣੀ ਬਿਲਡਿੰਗ ਤੋਂ ਬਹੁਤ ਵੱਖਰੀ ਹੋਵੇਗੀ।

ਇਸ ਬਾਰੇ ਲੋਕ ਸਭਾ ਸਪੀਕਰ ਓਮ ਪ੍ਰਕਾਸ਼ ਬਿਰਲਾ ਨੇ ਦੱਸਿਆ ਕਿ ਇਸ ਨਵੀਂ ਇਮਾਰਤ ਦਾ ਰਕਬਾ 64,500 ਸਕੇਅਰ ਮੀਟਰ ਤੱਕ ਫੈਲਿਆ ਹੈ ਅਤੇ ਇਸ ਉੱਤੇ ਅੰਦਾਜ਼ਨ 971 ਕਰੋੜ ਰੁਪਏ ਖਰਚਾ ਆਵੇਗਾ। ਉਨ੍ਹਾਂ ਨੇ ਦੱਸਿਆ ਕਿ ਲੋਕਤੰਤਰ ਦੇ ਮੌਜੂਦਾ ਭਵਨ ਨੂੰ 100 ਸਾਲ ਪੂਰੇ ਹੋਣ ਵਾਲੇ ਹਨ। ਇਹ ਦੇਸ਼ ਵਾਸੀਆਂ ਲਈ ਮਾਣ ਦੀ ਗੱਲ ਹੈ ਕਿ ਨਵੀਂਪਾਰਲੀਮੈਂਟ ਆਪਣੇ ਲੋਕਾਂ ਵੱਲੋਂਬਣਾਈ ਜਾਵੇਗੀ, ਜੋ ਆਤਮਨਿਰਭਰ ਭਾਰਤ ਦੀ ਮਿਸਾਲ ਹੈ।'ਉਨ੍ਹਾਂ ਪ੍ਰਧਾਨ ਮੰਤਰੀ ਨੂੰ ਸਮਾਗਮ ਲਈ ਕੱਲ੍ਹ ਰਸਮੀ ਸੱਦਾ ਦੇ ਦਿੱਤਾ ਹੈ। ਓਮ ਬਿਰਲਾ ਨੇ ਕਿਹਾ ਕਿ ਨਵੀਂ ਇਮਾਰਤ 'ਤੇ ਭੂਚਾਲ ਦਾ ਅਸਰ ਨਹੀਂਹੋਵੇਗਾ ਅਤੇ ਦੋ ਹਜ਼ਾਰ ਲੋਕ ਸਿੱਧੇ ਅਤੇ ਨੌਂ ਹਜ਼ਾਰ ਅਸਿੱਧੇ ਤੌਰ 'ਤੇ ਇਸ ਦੀ ਉਸਾਰੀ ਵਿੱਚ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਨਵੀਂ ਇਮਾਰਤ ਵਿੱਚ 1224 ਪਾਰਲੀਮੈਂਟ ਮੈਂਬਰ ਇਕੱਠੇ ਬੈਠ ਸਕਣਗੇ, ਜਦ ਕਿ ਦੋਵੇਂ ਸਦਨਾਂ ਦੇ ਸਾਰੇ ਪਾਰਲੀਮੈਂਟ ਮੈਂਬਰਾਂ ਲਈ ਨਵਾਂ ਦਫਤਰੀ ਕੰਪਲੈਕਸ ਮੌਜੂਦਾ ਸ਼੍ਰਮ ਸ਼ਕਤੀ ਭਵਨ ਵਿਖੇ ਬਣਾਇਆ ਜਾਵੇਗਾ। ਓਮ ਬਿਰਲਾ ਨੇ ਕਿਹਾ ਕਿ ਮੌਜੂਦਾ ਪਾਰਲੀਮੈਂਟ ਭਵਨ ਸਾਂਭ ਕੇ ਰੱਖਿਆ ਜਾਵੇਗਾ,ਕਿਉਂਕਿ ਇਹ ਦੇਸ਼ ਦੀ ਵਿਰਾਸਤ ਹੈ।

## ਰਿਜ਼ਰਵ ਬੈਂਕ ਨੇ ਐਚ ਡੀ ਐਫ ਸੀ ਨੂੰ ਨਵੇਂ ਕ੍ਰੈਡਿਟ ਕਾਰਡ ਜਾਰੀ ਕਰਨੋਂ ਰੋਕਿਆ

ਨਵੀਂ ਦਿੱਲੀ, 6 ਦਸੰਬਰ (ਪੋਸਟ ਬਿਊਰੋ)- ਭਾਰਤ ਦੇ ਪ੍ਰਾਈਵੇਟ ਬੈਂਕ, ਐਚ ਡੀ ਐਫ ਸੀ ਬੈਂਕ ਨੇ ਕੱਲ੍ਹ ਕਿਹਾ ਕਿ ਆਰ ਬੀ ਆਈ (ਭਾਰਤੀ ਰਿਜ਼ਰਵ ਬੈਂਕ) ਨੇ ਉਸ ਨੂੰ ਆਪਣੀਆਂ ਅਗਲੀਆਂ ਡਿਜੀਟਲ ਕਾਰੋਬਾਰੀ ਗਤੀਵਿਧੀਆਂ ਅਤੇ ਨਵੇਂ ਕ੍ਰੈਡਿਟ ਕਾਰਡ ਜਾਰੀ ਕਰਨ ਨੂੰ ਅਸਥਾਈ ਰੂਪ ਵਿੱਚ ਰੋਕਣ ਲਈ ਕਿਹਾ ਹੈ। ਰਿਜ਼ਰਵ ਬੈਂਕ ਨੇ ਐਚ ਡੀ ਐਫ ਸੀ ਬੈਂਕ ਦੇ ਡਾਟਾ ਸੈਂਟਰ ਨੂੰ ਪਿਛਲੇ ਮਹੀਨੇ ਕੰਮਕਾਜ ਪ੍ਰਭਾਵਿਤ ਹੋਣ ਦੇ ਕਾਰਨ ਇਹ ਆਦੇਸ਼ ਦਿੱਤਾ ਹੈ।

ਇਸ ਬਾਰੇ ਐਚ ਡੀ ਐਫ ਸੀ ਬੈਂਕ ਨੇ ਸ਼ੇਅਰ ਬਾਜ਼ਾਰ ਨੂੰ ਦੱਸਿਆ ਕਿ ਰਿਜ਼ਰਵ ਬੈਂਕ ਨੇ ਐਚ ਡੀ ਐਫ ਸੀ ਬੈਂਕ ਲਿਮਟਿਡ ਨੂੰ ਕੱਲ੍ਹ ਆਦੇਸ਼ ਦਿੱਤੇ ਹਨ, ਜੋ ਪਿਛਲੇ 2 ਸਾਲਾਂ 'ਚ ਬੈਂਕ ਦੇ ਇੰਟਰਨੈਟ ਬੈਂਕਿੰਗ/ ਮੋਬਾਈਲ ਬੈਂਕਿੰਗ/ ਪੇਮੈਂਟ ਬੈਂਕਿੰਗ 'ਚ ਪ੍ਰੇਸ਼ਾਨੀਆਂ ਦੇ ਸਬੰਧ 'ਚ ਹਨ, ਜਿਸ ਵਿੱਚ 21 ਨਵੰਬਰ 2020 ਨੂੰ ਪ੍ਰਾਇਮਰੀ ਡਾਟਾ ਸੈਂਟਰ ਵਿੱਚ ਬਿਜਲੀ ਬੰਦ ਹੋਣ ਕਾਰਨ ਬੈਂਕ ਦੀ ਇੰਟਰਨੈਟ ਬੈਂਕਿੰਗ ਅਤੇ ਭੁਗਤਾਨ ਪ੍ਰਣਾਲੀ ਬੰਦ ਹੋਣਾ ਸ਼ਾਮਲ ਹੈ।ਐਚ ਡੀ ਐਫ ਸੀ ਬੈਂਕ ਨੇ ਕਿਹਾ ਕਿ ਆਰ ਬੀ ਆਈ ਨੇ ਸਲਾਹ ਦਿੱਤੀ ਹੈ ਕਿ ਉਹ ਆਪਣੇ ਡਿਜੀਟਲ ਪ੍ਰੋਗਰਾਮ 2.0 ਅਤੇ ਹੋਰ ਆਈ ਟੀ ਪ੍ਰਯੋਗਾਂ ਦੇ ਤਹਿਤ ਅਗਲੀਆਂ ਡਿਜੀਟਲ ਵਪਾਰ ਵਿਕਾਸ ਗਤੀਵਿਧੀਆਂ ਅਤੇ ਨਵੇਂ ਕ੍ਰੈਡਿਟ ਕਾਰਡ ਗਾਹਕਾਂ ਨੂੰ ਜਾਰੀ ਕਰਨਾ ਰੋਕ ਦੇਵੇ। ਆਰ ਬੀ ਆਈ ਦੇ ਬੋਰਡ ਆਫ ਡਾਇਰੈਕਟਰਜ਼ ਨੇ ਐਚ ਡੀ ਐਫ ਸੀ ਨੂੰ ਕਿਹਾ ਹੈ ਕਿ ਉਹ ਕਮੀਆਂ ਦੀ ਜਾਂਚ ਕਰੇ ਅਤੇ ਜਵਾਬਦੇਹੀ ਤੈਅ ਕਰੇ। ਐਚ ਡੀ ਐਫ ਸੀ ਬੈਂਕ ਨੇ ਕਿਹਾ ਕਿ ਇਨ੍ਹਾਂ ਉਪਾਵਾਂ ਨਾਲ ਉਨ੍ਹਾਂ ਦੇ ਸਮੁੱਚੇ ਕਾਰੋਬਾਰ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ ਅਤੇ ਕੰਮ ਏਸੇ ਤਰ੍ਹਾਂ ਚੱਲਦਾ ਰਹੇਗਾ।

## ਕਸ਼ਮੀਰ ਵਿੱਚ ਪਾਕਿ ਡਿਜੀਟਲੀ ਦਹਿਸ਼ਤ ਫੈਲਾਉਣ ਲੱਗ ਪਿਐ

ਜੰਮੂ, 6 ਦਸੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਧਾਰਾ 370 ਹਟਣ ਪਿੱਛੋਂ ਆਏ ਵੱਡੇ ਬਦਲਾਅ ਅਤੇ ਵਿਸ਼ੇਸ਼ ਕਰ ਕੇ ਸਥਾਨਕ ਨੌਜਵਾਨਾਂ ਦਾ ਮੁੱਖ-ਧਾਰਾ ਨਾਲ ਜੁੜਨਾ ਪਾਕਿਸਤਾਨ, ਉਸ ਦੀ ਖੁਫੀਆ ਏਜੰਸੀ ਆਈ ਐਸ ਆਈ ਅਤੇ ਅੱਤਵਾਦੀ ਸੰਗਠਨਾਂ ਨੂੰ ਰਾਸ ਨਹੀਂ ਆ ਰਿਹਾ। ਇਸ ਲਈ ਕਸ਼ਮੀਰ ਦੇ ਨੌਜਵਾਨਾਂ ਨੂੰ ਵਰਗਲਾਉਣ, ਪੱਥਰਬਾਜ਼ੀ ਕਰਨ ਤੇ ਮੁਕਾਬਲੇ ਦੀਆਂ ਥਾਵਾਂ 'ਤੇ ਆ ਕੇ ਹਿੰਸਾ ਕਰਨ ਲਈ ਪਾਕਿਸਤਾਨ ਨੇ ਕਸ਼ਮੀਰ ਵਿੱਚ ਡਿਜੀਟਲੀ ਦਹਿਸ਼ਤ ਫੈਲਾਉਣ ਦੀ ਗੰਦੀ ਖੇਡ ਖੇਡਣੀ ਸ਼ੁਰੂ ਕਰ ਦਿੱਤੀ ਹੈ। ਕਸ਼ਮੀਰ ਵਿੱਚ ਸਰਗਰਮ ਕੁਝ ਵੱਖਵਾਦੀ ਅਨਸਰਾਂ ਨੂੰ ਪੈਸਿਆਂ ਦਾ ਲਾਲਚ ਦੇ ਕੇ 200 ਤੋਂ ਤਿੰਨ ਸੌ ਵਟਸਐਪ ਗਰੁੱਪ ਬਣਾਏ ਗਏ ਹਨ। ਪਾਕਿਸਤਾਨ ਤੋਂ ਚਲਾਏ ਜਾਂਦੇ 10 ਤੋਂ 15 ਹਜ਼ਾਰ ਫਰਜ਼ੀ ਫੇਸਬੁਕ ਅਤੇ ਟਵਿੱਟਰ ਅਕਾਊਂਟ ਵੀ ਚੱਲਦੇ ਹਨ। ਇਨ੍ਹਾਂ 'ਤੇ ਧਰਮ ਅਤੇ ਕਸ਼ਮੀਰ ਦੇ ਨਾਂਅ 'ਤੇ ਭੜਕਾਊ ਕੰਟੈਂਟ ਪਾਏ ਜਾ ਰਹੇ ਹਨ। ਭਾਰਤੀ ਸਾਇਬਰ ਸੈਲ ਇਸ ਸਾਜ਼ਿਸ਼ ਦਾ ਪਰਦਾ ਫਾਸ਼ ਕਰਨ ਵਿੱਚ ਲੱਗ ਗਿਆ ਹੈ।

ਅੱਤਵਾਦੀ ਸੰਗਠਨ ਲਸ਼ਕਰ ਏ ਤੋਇਬਾ, ਹਿਜਬੁਲ ਮੁਜਾਹਦੀਨ, ਅਲਬਦਰ, ਜੈਸ਼ ਏ ਮੁਹੰਮਦ, ਅੰਸਾਰ ਗਜਵਤ ਉਲ ਹਿੰਦ ਆਪਣੇ ਬੰਦਿਆਂ ਦੀ ਮਦਦ ਨਾਲ ਕਸ਼ਮੀਰ ਵਿੱਚ ਪ੍ਰਾਪੇਗੰਡਾ ਚਲਾ ਰਹੇ ਹਨ। ਇਸ ਦੇ ਨਾਲ ਗੁਲਾਮ ਕਸ਼ਮੀਰ ਵਿੱਚ ਬੈਠੇ ਅੱਤਵਾਦੀ ਸੰਗਠਨ ਦੇ ਹੈਂਡਲਰ ਰੋਜ਼ ਅਜਿਹੇ ਫਰਜ਼ੀ ਕੰਟੈਂਟ ਪੈਦਾ ਕਰਦੇ ਅਤੇ ਉਸ ਨੂੰ ਇੰਟਰਨੈਟ ਮੀਡੀਆ ਦੇ ਰਾਹੀਂ ਕਸ਼ਮੀਰੀ ਨੌਜਵਾਨਾਂ ਤੱਕ ਪਹੁੰਚਾ ਰਹੇ ਹਨ।ਉਨ੍ਹਾਂ ਦੇ ਮਦਦਗਾਰ ਇਨ੍ਹਾਂ ਗਰੁੱਪਾਂ ਨਾਲ ਇਸ ਨੂੰ ਆਮ ਨੌਜਵਾਨਾਂ ਵੱਕ ਧੱਕਦੇ ਹਨ। ਕਸ਼ਮੀਰ ਵਿੱਚ ਕਰੀਬ 200 ਤੋਂ ਤਿੰਨ ਸੌ ਅਜਿਹੇ ਵਟਸਐਪ ਗਰੁੱਪ ਬਣਾਏ ਗਏ ਹਨ। ਇਨ੍ਹਾਂ ਸਭ ਨਾਲ ਇੱਕ ਹੀ ਕੰਟੈਂਟ ਨੂੰ ਵਾਰ-ਵਾਰ ਸਾਂਝਾ ਕੀਤਾ ਜਾਂਦਾ ਹੈ।

ਵਿਸ਼ੇਸ਼ ਟਰੇਨਿੰਗ ਵੀ-ਏਜੰਸੀਆਂ ਨੂੰ ਜਾਣਕਾਰੀ ਮਿਲੀ ਹੈ ਕਿ ਭਾਰਤ ਦੇ ਖਿਲਾਫ ਡਿਜੀਟਲ ਜਿਹਾਦ ਨੂੰ ਚਲਾਉਣ ਲਈ ਕਸ਼ਮੀਰ ਦੇ ਕਰੀਬ ਪੰਜਾਹ ਨੌਜਵਾਨਾਂ ਨੂੰ ਚੁਣਿਆ ਗਿਆ ਹੈ। ਉਨ੍ਹਾਂ ਨੂੰ ਆਈ ਟੀ ਵਿੰਗ ਦਾ ਹਿੱਸਾ ਬਣਾਉਣ ਲਈ ਗੁਲਾਮ ਕਸ਼ਮੀਰ ਭੇਜਣ ਕੇ ਸੋਸ਼ਲ ਮੀਡੀਆ ਨਾਲ ਸਬੰਧਤ ਵਿਸ਼ੇਸ਼ ਟਰੇਨਿੰਗ ਦਿੱਤੀ ਗਈ ਹੈ। ਉਨ੍ਹਾਂ ਨੂੰ ਫੰਡਿੰਗ ਕੰਟਰੋਲ ਰੇਖਾ ਦੇ ਪਾਰੋਂ ਕੀਤੀ ਜਾ ਰਹੀ ਹੈ। ਜੇ ਕੋਈ ਵਿਅਕਤੀ ਉਨ੍ਹਾਂ ਦੀ ਇਸ ਵਿਚਾਰਧਾਰਾ ਦਾ ਵਿਰੋਧ ਕਰਦਾ ਹੈ ਤਾਂ ਉਨ੍ਹਾਂ ਨੂੰ ਇਸੇ ਸੋਸ਼ਲ ਮੀਡੀਆ ਦੇ ਜ਼ਰੀਏ ਧਮਕੀਆਂ ਦਿੱਤੀਆਂ ਜਾਂਦੀਆਂ ਹਨ।

# ਐਮਰਜੈਂਸੀ ਨੂੰ ਲੈ ਕੇ ਸੁਪਰੀਮ ਕੋਰਟ ਵਿੱਚ ਸੁਣਵਾਈ ਕੱਲ੍ਹ

* ਦੇਹਰਾਦੂਨ ਦੀ 94 ਸਾਲ ਦੀ ਔਰਤ ਨੇ 25 ਕਰੋੜ ਮੁਆਵਜ਼ਾ ਮੰਗਿਆ



ਨਵੀਂ ਦਿੱਲੀ, 6 ਦਸੰਬਰ (ਪੋਸਟ ਬਿਊਰੋ)- ਭਾਰਤ ਵਿੱਚ ਐਮਰਜੈਂਸੀ ਲਾਉਣ ਨੂੰ ਅਸੰਵਿਧਾਨਕ ਐਲਾਨ ਕਰਨ ਦੀ ਮੰਗ ਵਾਲੀ ਅਰਜ਼ੀ 'ਤੇ ਸੁਪਰੀਮ ਕੋਰਟ ਸੁਣਵਾਈ ਕਰੇਗੀ। ਇੱਕ 94 ਸਾਲਾ ਔਰਤ ਨੇ ਅਰਜ਼ੀ ਦੇ ਕੇ ਐਮਰਜੈਂਸੀ ਲਈ ਜ਼ਿੰਮੇਵਾਰ ਅਧਿਕਾਰੀਆਂ ਤੋਂ 25 ਕਰੋੜ ਰੁਪਏ ਮੁਆਵਜ਼ਾ ਦਿਵਾਉਣ ਦੀ ਮੰਗ ਕੀਤੀ ਹੈ।

ਜਸਟਿਸ ਸੰਜੇ ਕਿਸ਼ਨ ਕੌਲ, ਜਸਟਿਸ ਦਿਨੇਸ਼ ਮਹੇਸ਼ਵਰੀ ਤੇ ਜਸਟਿਸ ਰਿਸ਼ੀਕੇਸ਼ ਰਾਏ ਦੀ ਬੈਂਚ ਨੇ ਵੀਨਾ ਸਰੀਨ ਦੀ ਅਰਜ਼ੀ 'ਤੇ ਸੱਤ ਦਸੰਬਰ ਨੂੰ ਸੁਣਵਾਈ ਕਰੇਗੀ। ਵੀਨਾ ਸਰੀਨ ਨੇ ਕਿਹਾ ਹੈ ਕਿ ਉਨ੍ਹਾਂ ਨੇ ਅਤੇ ਉਨ੍ਹਾਂ ਦੇ ਮਰਹੂਮ ਪਤੀ ਤੇ ਪਰਵਾਰ ਨੇ ਐਮਰਜੈਂਸੀ ਦੌਰਾਨ ਹੋਏ ਜ਼ੁਲਮਾਂ ਦੇ ਕਾਰਨ ਪੂਰਾ ਜੀਵਨ ਬਹੁਤ ਹੀ ਦਰਦ ਤੇ ਦੁੱਖਾਂ ਵਿੱਚ ਲੰਘਾਇਆ ਹੈ। ਇਸੇ ਦੀ ਭਰਪਾਈ ਲਈ ਉਨ੍ਹਾਂ ਅਰਜ਼ੀ ਦਿੱਤੀ ਹੈ।ਸਰੀਨ ਨੇ ਕਿਹਾ ਕਿ ਜੂਨ 1975 ਵਿੱਚ ਜਦੋਂ ਦੇਸ਼ ਵਿੱਚ ਐਮਰਜੈਂਸੀ ਦਾ ਐਲਾਨ ਕੀਤਾ ਗਿਆ ਤਾਂਉਨ੍ਹਾਂ ਦੇ ਪਰਵਾਰ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੂੰ ਆਪਣੀ ਜਾਨ ਬਚਾਉਣ ਲਈ ਦੇਸ਼ ਤੋਂ ਬਾਹਰ ਜਾਣਾ ਪਿਆ ਅਤੇ ਦਿੱਲੀ ਦੇ ਕਰੋਲ ਬਾਗ ਅਤੇ ਕਨਾਟ ਪਲੇਸ ਵਿੱਚ ਉਨ੍ਹਾਂ ਦੇ ਪਤੀ ਦੀਆਂ ਜਿਊਲਰੀ ਦੀਆਂ ਦੁਕਾਨਾਂ ਪ੍ਰਸ਼ਾਸਨ ਨੇ ਸੀਜ਼ ਕਰ ਦਿੱਤੀਆਂ ਤੇ ਸਾਰਾ ਸਾਮਾਨ ਚੁੱਕ ਕੇ ਲੈ ਗਏ ਸਨ।ਸਰੀਨ ਨੇ ਕਿਹਾ ਹੈ ਕਿ ਉਸ ਦੇ ਪਤੀ ਨੇ 25 ਸਾਲ ਦੀ ਸਖਤ ਮਿਹਨਤ ਨਾਲ ਕਾਰੋਬਾਰ ਖੜ੍ਹਾ ਕੀਤਾ ਸੀ। ਪੁਲਸ ਨੇ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਪਤੀ ਨੂੰ ਬਹੁਤ ਡਰਾਇਆ ਧਮਕਾਇਆ ਸੀ। ਉਨ੍ਹਾਂ ਦੀ ਚੱਲ ਅਤੇ ਅਚੱਲ ਜਾਇਦਾਦਾਂ ਵੀ ਜ਼ਬਤ ਕਰ ਲਈਆਂ ਸਨ।

# ਚੋਰੀ ਹੋਈ ਮੱਝ ਦਾ ਅਸਲੀ ਮਾਲਕ ਲੱਭਣ ਲਈ ਪੁਲਸ ਨੇ ਮੱਝ ਦਾ ਡੀ ਐਨ ਏ ਟੈਸਟ ਕਰਾਇਆ

ਨਾਗੌਰ (ਰਾਜਸਥਾਨ), 6 ਦਸੰਬਰ (ਪੋਸਟ ਬਿਊਰੋ)- ਰਾਜਸਥਾਨ ਵਿੱਚ ਨਾਗੌਰ ਦੇ ਖੀਂਵਸਰ ਵਿੱਚ ਇੱਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ। ਇੱਕ ਮੱਝ ਉਤੇ ਜਦ ਦੋ ਜਣਿਆਂ ਨੇ ਆਪਣੇ ਹੱਕ ਦਾ ਦਾਅਵਾ ਕੀਤਾ ਤਾਂ ਪੁਲਸ ਨੇਅਸਲੀ ਮਾਲਕ ਦਾ ਪਤਾ ਲਗਾਉਣ ਲਈ ਮੱਝ ਦਾ ਡੀ ਐਨ ਏ ਟੈਸਟ ਕਰਵਾਉਣ ਦਾ ਹੁਕਮ ਦੇ ਦਿੱਤਾ।

ਅਸਲ ਵਿੱਚ ਇਲਾਕੇ ਵਿੱਚ ਚੋਰੀ ਹੋਈ ਇੱਕ ਮੱਝ ਉਤੇ ਦੋ ਧਿਰਾਂ ਆਪਣਾ ਆਪਣਾ ਅਧਿਕਾਰ ਜਤਾ ਰਹੀਆਂ ਹਨ। ਇਸ ਬਾਰੇ ਦੋਵਾਂ ਧਿਰਾਂ ਵਿੱਚ ਬੀਤੇ ਪੰਜ ਮਹੀਨੇ ਤੋਂ ਝਗੜਾ ਚੱਲ ਰਿਹਾ ਸੀ।ਐਸ ਪੀ ਸ਼ਵੇਤਾ ਧਨਖੜ ਦੇ ਮੁਤਾਬਕ ਦੇਉ ਹਾਲ ਪਾਂਚਲਾ ਸਿੱਧਾ ਦੇ ਹਿਮਤਾਰਾਮ ਮੇਘਵਾਲ ਨੇ ਰਿਪੋਰਟ ਦਿੱਤੀ ਕਿ ਉਸ ਨੇ ਆਪਣੀ ਮੱਝ ਨੂੰ 24 ਅਗਸਤ 2020 ਨੂੰ ਜਾਗੀਰਦਾਰ ਦੇ ਖੇਤ ਨੇੜੇ ਚਰਨ ਲਈ ਛੱਡਿਆ ਸੀ, ਪਰ ਸ਼ਾਮ ਹੋਣ ਦੇ ਬਾਅਦ ਮੱਝ ਵਾਪਸ ਘਰ ਨਹੀਂ ਆਈ। ਕਿਸੇ ਨੇ ਦੱਸਿਆ ਕਿ ਉਸ ਦੀ ਮੱਝ ਕੰਡਿਆਂ ਕੋਲ ਚਰ ਰਹੀ ਹੈ। ਉਹ ਓਥੇ ਗਿਆ ਤਾਂ ਉਸ ਦੀ ਮੱਝ ਓਥੇ ਚਰ ਰਹੀ ਸੀ। ਪੁਲਸ ਨੂੰ ਦਿਤੀ ਰਿਪੋਰਟ ਵਿੱਚ ਹਿਮਤਾ ਰਾਮ ਨੇ ਦੋਸ਼ ਲਾਇਆ ਹੈ ਕਿ ਜਲਾਰਾਮ ਨੇ ਉਸ ਦੀ ਮੱਝ 'ਤੇ ਜਬਰੀ ਕਬਜਾ ਕਰ ਲਿਆ ਹੈ ਅਤੇ ਮੱਝ ਵਾਪਸ ਮੰਗਣ 'ਤੇ ਉਸ ਨੂੰ ਮਾਰਕੁੱਟ ਕੇ ਭਜਾ ਦਿੱਤਾ।ਇਧਰ ਜਲਾਰਾਮ ਵੀ ਮੱਝ ਨੂੰ ਆਪਣੀ ਦੱਸ ਰਿਹਾ ਹੈ।ਇਨ੍ਹਾਂਹਾਲਾਤ ਵਿੱਚ ਪੁਲਸ ਨੂੰ ਇਸ ਮੱਝ ਦਾ ਡੀ ਐਨ ਏ ਕਰਵਾਉਣਾ ਪੈ ਰਿਹਾ ਹੈ। ਐਸ ਪੀ ਸ਼ਵੇਤਾ ਧਨਖੜ ਨੇ ਦੱਸਿਆ ਕਿ ਅਸਲੀ ਮਾਲਕ ਦੀ ਪਛਾਣ ਦੇ ਲਈ ਮੱਝ ਦਾ ਡੀ ਐਨ ਏ ਸੈਂਪਲ ਲੈ ਲਿਆ ਹੈ।

## ਡੀ ਐਮ ਕੇ ਪਾਰਟੀ ਨੇ ਮੋਦੀ ਨੂੰ ਕਿਸਾਨਾਂ ਨਾਲ ਗੱਲਬਾਤ ਕਰਨ ਨੂੰ ਕਿਹਾ



ਸੇਲਮ, 6 ਦਸੰਬਰ (ਪੋਸਟ ਬਿਊਰੋ)- ਖੇਤੀ ਕਾਨੂੰਨਾਂ ਦਾ ਵਿਰੋਧ ਕਰਦੇ ਕਿਸਾਨਾਂ ਨੂੰ ਹਮਾਇਤ ਦਿੰਦਿਆਂ ਡੀ ਐਮ ਕੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੇਨਤੀ ਕੀਤੀ ਕਿ ਉਹ ਅੰਦੋਲਨ ਕਰਦੇ ਕਿਸਾਨਾਂ ਨਾਲ ਖੁਦ ਗੱਲਬਾਤ ਕਰ ਕੇ ਕੇਂਦਰ ਸਰਕਾਰ ਦੇ ਤਿੰਨਾਂ ਕਾਨੂੰਨਾਂ ਨੂੰ ਵਾਪਸ ਲੈ ਲੈਣ। ਡੀ ਐਮ ਕੇ ਪਾਰਟੀ ਦੇ ਮੁਖੀ ਐਮ ਕੇ ਸਟਾਲਿਨ ਅਤੇ ਪਾਰਟੀ ਦੇ ਹੋਰ ਸੀਨੀਅਰ ਆਗੂਆਂ ਨੇ ਤਾਮਿਲ ਨਾਡੂ 'ਚ ਵੱਖ-ਵੱਖ ਥਾਵਾਂ 'ਤੇ ਜ਼ੋਰਦਾਰ ਪ੍ਰਦਰਸ਼ਨ ਕੀਤੇ।

ਤਾਮਿਲ ਨਾਡੂ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਸਟਾਲਿਨ ਨੇ ਮੁੱਖ ਮੰਤਰੀ ਕੇ. ਪਲਾਨੀਸਵਾਮੀ ਦੇ ਜੱਦੀ ਜ਼ਿਲ੍ਹੇ ਵਿੱਚ ਜ਼ੋਰਦਾਰ ਪ੍ਰਦਰਸ਼ਨਾਂ ਦੀ ਅਗਵਾਈ ਕੀਤੀ ਤੇ ਕਿਹਾ ਕਿ ਵਿਚੋਲੇ ਖਤਮ ਕਰਨ ਦੇ ਨਾਂਅ 'ਤੇ ਸਰਕਾਰ ਕਿਸਾਨਾਂ ਨੂੰ ਵੱਡੇ ਕਾਰੋਬਾਰੀਆਂ ਦਾ ਗੁਲਾਮ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਮਹਾਂਮਾਰੀ ਦੌਰਾਨ ਇਹ ਕਾਨੂੰਨ ਪਾਸ ਕਰਾਉਣ ਦੀ ਇੰਨੀ ਕਾਹਲੀਕਿਉਂ ਦਿਖਾਈ ਗਈ। ਪਾਰਲੀਮੈਂਟ ਮੈਂਬਰ ਕਨੀਮੋਈ ਨੇ ਕੋਇੰਬਟੂਰ ਨੇੜੇ ਮੇਟੂਪਲਾਯਮ ਵਿੱਚ ਵਿਰੋਧ ਪ੍ਰਦਰਸ਼ਨ ਦੌਰਾਨ ਕਿਹਾ ਕਿ ਡੀ ਐਮ ਕੇ ਤਾਮਿਲ ਨਾਡੂ ਵਿੱਚ ਸਰਕਾਰ ਬਣਾਏਗੀ ਤਾਂ ਖੇਤੀ ਕਾਨੂੰਨ ਰੱਦ ਕਰਨਗੇ।

# ਅਰਨਬ ਗੋਸਵਾਮੀ ਨੇ ਨਾਇਕ ਦੀ ਖ਼ੁਦਕੁਸ਼ੀ ਚੇਤਾਵਨੀ ਨੂੰ ਨਜ਼ਰਅੰਦਾਜ਼ ਕੀਤਾ ਸੀ

* ਮਹਾਰਾਸ਼ਟਰ ਪੁਲਸ ਦੀ ਚਾਰਜਸ਼ੀਟ ਵਿੱਚ ਦਾਅਵਾ

ਮੁੰਬਈ, 6 ਦਸੰਬਰ (ਪੋਸਟ ਬਿਊਰੋ)- ਰਿਪਬਲਿਕ ਟੀ ਵੀ ਦੇ ਮੁੱਖ ਸੰਪਾਦਕ ਅਰਨਬ ਗੋਸਵਾਮੀ ਅਤੇ ਦੋ ਹੋਰਾਂ ਖਿਲਾਫ ਖੁਦਕੁਸ਼ੀ ਕੇਸ ਵਿੱਚ ਦਾਇਰ ਕੀਤੀ ਚਾਰਜਸ਼ੀਟ ਵਿੱਚ ਕਿਹਾ ਗਿਆ ਹੈ ਕਿ ਮੁਲਜ਼ਮਾਂ ਨੇ ਮ੍ਰਿਤਕ ਅਨਵਏ ਨਾਇਕ ਵੱਲੋਂ ਦਿੱਤੀ ਉਸ ਚਿਤਾਵਨੀ ਵੱਲ ਧਿਆਨ ਨਹੀਂ ਦਿੱਤਾ, ਜਿਸ ਵਿੱਚ ਉਸ ਨੇ ਅਦਾਇਗੀ ਨਾ ਹੋਣ ਉੱਤੇ ਖੁਦਕੁਸ਼ੀ ਕਰਨ ਬਾਰੇ ਕਿਹਾ ਸੀ। ਦੋਸ਼ ਪੱਤਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਦੋਸ਼ੀਆਂਵੱਲੋਂ ਪੈਸੇ ਨਾ ਦੇਣ ਦੇ ਕਾਰਨ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋਏ ਨਾਇਕ ਨੇ ਪਹਿਲਾਂ ਆਪਣੀ ਮਾਂ ਦਾ ਗਲ ਘੁੱਟ ਕੇ ਮਾਰ ਦਿੱਤਾ ਤੇ ਫਿਰ ਆਪ ਫਾਹਾ ਲੈ ਲਿਆ।

ਵਰਨਣ ਯੋਗ ਹੈ ਕਿ ਅਰਨਬ ਗੋਸਵਾਮੀ ਅਤੇ ਦੋ ਹੋਰਾਂ ਉਤੇ ਅਨਵਏਨਾਇਕ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਦੋਸ਼ ਲਾਇਆ ਗਿਆ ਹੈ। ਅਨਵਏਨਾਇਕ ਡਿਜ਼ਾਈਨ ਕੰਪਨੀ ਚਲਾਉਂਦਾ ਸੀ ਤੇ ਮੁਲਜ਼ਮਾਂ ਤੋਂ ਉਸ ਨੇ ਕੀਤੇ ਕੰਮ ਦੇ ਬਦਲੇ ਬਾਕੀ ਪੈਸੇ ਲੈਣੇ ਸਨ। ਇਸੇ ਦੌਰਾਨ ਰਿਪ-ਬਲਿਕ ਟੀ ਵੀ ਦੇ ਡਿਸਟ੍ਰੀਬਿਊਸ਼ਨ ਮੁਖੀ (ਪੱਛਮੀ ਖੇਤਰ) ਘਣਸ਼ਿਆਮ ਸਿੰਘ ਨੂੰ ਇੱਕ ਅਦਾਲਤ ਨੇ ਟੀ ਆਰ ਪੀ ਘੁਟਾਲਾ ਕੇਸ ਵਿੱਚ ਜ਼ਮਾਨਤ ਦੇ ਦਿੱਤੀ ਹੈ। ਰਿਪਬਲਿਕ ਮੀਡੀਆ ਨੈਟਵਰਕ ਦੇ ਸਹਾਇਕ ਉਪ ਪ੍ਰਧਾਨ ਘਣਸ਼ਿਆਮ ਨੂੰ 10 ਨਵੰਬਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਸੈਸ਼ਨ ਅਦਾਲਤ ਨੇ ਹੰਸਾ ਰਿਸਰਚ ਗਰੁੱਪ ਦੇ ਸਾਬਕਾ ਮੁਲਾਜ਼ਮ ਵਿਸ਼ਾਲ ਭੰਡਾਰੀ ਨੂੰ ਵੀ ਇਸ ਕੇਸ ਵਿੱਚ ਜ਼ਮਾਨਤ ਦੇ ਦਿੱਤੀ ਹੈ।

## ਹਿਮਾਚਲ ਸਰਕਾਰੀ ਬਾਹਰੀ ਲੋਕਾਂ ਨੂੰ ਟੈਸਟ ਦੇ ਬਾਅਦ ਹੀ ਦਾਖਲਾ ਦੇਣ 'ਤੇ ਵਿਚਾਰ ਕਰੇ: ਸ਼ਿਮਲਾ ਹਾਈ ਕੋਰਟ

ਸ਼ਿਮਲਾ, 6 ਦਸੰਬਰ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਹਾਈਕੋਰਟ ਨੇ ਰਾਜ ਸਰਕਾਰ ਨੂੰ ਇਹ ਯਕੀਨੀ ਕਰਨ ਲਈ ਕਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ ਦੇ ਅਨੁਸਾਰ ਸਾਰੇ ਸੀਨੀਅਰ ਡਾਕਟਰ ਬਾਕਾਇਦਾ ਕੋਵਿਡ-19 ਵਾਰਡਾਂ ਦਾ ਦੌਰਾ ਕਰਨ ਤੇ ਨਾਲ ਇਹ ਆਦੇਸ਼ ਦਿੱਤਾ ਹੈ ਕਿ ਇਸ ਰਾਜ ਵਿੱਚ ਆਉਂਦੇ ਸਾਰੇ ਬਾਹਰੀ ਲੋਕਾਂ ਦੇ ਟੈਸਟ ਜ਼ਰੂਰੀ ਕਰਨ 'ਤੇ ਵਿਚਾਰ ਕੀਤਾ ਜਾਵੇ। ਇਸ ਦੇ ਇਲਾਵਾ ਰਾਜ ਸਰਕਾਰ ਨੂੰ ਤਰਲ ਆਕਸੀਜਨ ਟੈਂਕਰਾਂ ਦੀ ਉਪਲਬਧਤਾ ਬਾਬਤ ਫੈਸਲਾ ਲੈਣ ਦੇ ਵੀ ਆਦੇਸ਼ ਜਾਰੀ ਕੀਤੇ ਗਏ ਹਨ।

ਅਦਾਲਤ ਨੇ ਆਊਟਸੋਰਸ ਦੇ ਆਧਾਰ ਉਤੇ ਤੈਨਾਤ ਕੀਤੇ ਜਾਣ ਵਾਲੇ ਮੁਲਾਜ਼ਮਾ ਨੂੰ 5 ਦਸੰਬਰ ਤੱਕ ਨਿਯੁਕਤੀ ਦੇਣ ਦੇ ਆਦੇਸ਼ ਵੀ ਦਿੱਤੇ ਹਨ। ਇਸੇ ਤਰ੍ਹਾਂ ਅਦਾਲਤ ਨੇ ਨਿੱਜੀ ਤੇ ਸਰਕਾਰੀ ਲੈਬਾਰਟਰੀਜ਼ਤੋਂ ਕੋਵਿਡ ਟੈਸਟ ਕਰਵਾਉਣ ਅਤੇ ਸੈਂਪਲ ਇਕੱਠੇ ਕਰਨ ਵਾਲੀ ਏਜੰਸੀ ਨੂੰ ਟੈਸਟ ਕਰਨ ਦੇ ਦੌਰਾਨ ਵਿਅਕਤੀ ਦਾ ਸੰਪਰਕ ਨੰਬਰ, ਈ-ਮੇਲ ਆਈ ਡੀ ਅਤੇ ਹੋਰ ਜ਼ਰੂਰੀ ਜਾਣਕਾਰੀ ਲੈਣ ਦੇ ਆਦੇਸ਼ ਦਿੱਤੇ ਹਨ, ਤਾਂ ਕਿ ਟੈਸਟ ਦੀ ਜਾਣਕਾਰੀ ਈ-ਮੇਲ ਜਾ ਵਾਟਸਐਪ ਆਦਿ 'ਤੇ ਦਿੱਤੀ ਜਾ ਸਕੇ। ਇਹ ਰਿਪੋਰਟ 48 ਘੰਟਿਆਂ ਦੇ ਵਿੱਚ ਦਿੱਤੀ ਜਾਵੇ।

## ਧਨਦਾਤੇ ਦੇ ਖਿਲਾਫ ਲੜ ਰਹੇ ਅੰਨ-ਦਾਤੇ ਦੇ ਨਾਲ ਖੜੇ ਹਾਂ: ਤੇਜੱਸਵੀ ਯਾਦਵ



ਪਟਨਾ, 6 ਦਸੰਬਰ (ਪੋਸਟ ਬਿਊਰੋ)- ਬਿਹਾਰ ਦੇ ਰਾਸ਼ਟਰੀ ਜਨਤਾ ਦਲ (ਆਰ ਜੇ ਡੀ) ਦੇ ਆਗੂ ਤੇਜੱਸਵੀ ਯਾਦਵ ਦੀ ਅਗਵਾਈ ਹੇਠ ਵਿਰੋਧੀ ਧਿਰਾਂ ਨੇ ਖੇਤੀ ਕਾਨੂੰਨਾਂ ਦੇ ਖਿਲਾਫ ਪ੍ਰਦਰਸ਼ਨ ਕਰ ਕੇ ਕਿਸਾਨਾਂ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਹੈ। ਧਰਨੇ ਵਾਲੀ ਥਾਂ ਕਾਂਗਰਸ ਅਤੇ ਖੱਬੇ ਪੱਖੀ ਪਾਰਟੀਆਂ ਦੇ ਆਗੂ ਵੀ ਹਾਜ਼ਰ ਸਨ। ਉਨ੍ਹਾਂ8 ਦਸੰਬਰ ਨੂੰ ਕਿਸਾਨਾਂ ਵੱਲੋਂ ਭਾਰਤ ਬੰਦ ਦੇ ਦਿੱਤੇ ਸੱਦੇ ਨੂੰ ਵੀ ਹਮਾਇਤ ਕੀਤੀ ਹੈ।

ਇਸ ਪ੍ਰੋਗਰਾਮ ਵਿੱਚ ਸੀ ਪੀ ਆਈ (ਐਮ ਐਲ) ਨੂੰ ਛੱਡ ਕੇ ਮਹਾਂਗਠਜੋੜ ਦੀਆਂ ਹੋਰ ਸਾਰੀਆਂ ਪਾਰਟੀਆਂ ਧਰਨੇ ਵਿੱਚ ਸ਼ਾਮਲ ਹੋਈਆਂ। ਸੀ ਪੀ ਆਈ (ਐਮ ਐਲ) ਨੇ ਬਿਹਾਰ ਵਿੱਚ ਸੜਕਾਂ ਜਾਮ ਕਰਨ ਦਾ ਸੱਦਾ ਦਿੱਤਾ ਹੋਇਆ ਸੀ। ਤੇਜੱਸਵੀ ਅਤੇ ਹੋਰ ਆਗੂਆਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੇ ਗਾਂਧੀ ਮੈਦਾਨ ਵਿੱਚ ਜਾਣ ਦੀ ਇਜਾਜ਼ਤ ਨਹੀਂ ਦਿੱਤੀ, ਜਿਸ ਕਾਰਨ ਉਨ੍ਹਾਂਨੇ ਬਾਹਰ ਹੀ ਪ੍ਰਦਰਸ਼ਨ ਕੀਤਾ ਹੈ। ਤੇਜੱਸਵੀ ਨੇ ਕਿਹਾ ਕਿ ਉਹ 'ਧਨ-ਦਾਤੇ' ਦੇ ਖਿਲਾਫ ਲੜ ਰਹੇ ਹਨ ਤੇ 'ਅੰਨ-ਦਾਤੇ' ਨਾਲ ਖੜੇ ਹਨ। ਜੇ ਕਿਸਾਨਾਂ ਦੀ ਹਮਾਇਤ 'ਚ ਆਵਾਜ਼ ਬੁਲੰਦ ਕਰਨਾ ਗੁਨਾਹ ਹੈ ਤਾਂ ਅਸੀਂ ਹਰ ਵਾਰ ਇਹ ਜੁਰਮ ਕਰਾਂਗੇ। ਉਨ੍ਹਾਂ ਕਿਹਾ ਕਿ ਉਹ ਲੰਮੇ ਸਮੇਂ ਤੋਂ ਆਖ ਰਹੇ ਹਨ ਕਿ ਜੇ ਭਾਜਪਾ ਸੱਤਾ ਵਿੱਚ ਆਈ ਤਾਂ ਸਭ ਕੁਝ ਵੇਚ ਦੇਵੇਗੀ ਅਤੇ ਅੱਜ ਹਕੀਕਤ ਸਭ ਦੇ ਸਾਹਮਣੇ ਹੈ। ਇਸ ਦੌਰਾਨ ਤੇਜੱਸਵੀ ਪ੍ਰਸਾਦ ਯਾਦਵ ਸਮੇਤ, ਕਾਂਗਰਸ ਅਤੇ ਖੱਬੀਆਂ ਧਿਰਾਂ ਦੇ 18 ਆਗੂਆਂ ਦੇ ਖਿਲਾਫ ਪਾਬੰਦੀ ਵਾਲੇ ਖੇਤਰ ਵਿੱਚ ਰੋਸ ਪ੍ਰਦਰਸ਼ਨ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ।

# ਅਦਾਲਤ ਨੇ ਟਰੰਪ ਸਰਕਾਰ ਨੂੰ ਡੀ ਏ ਸੀ ਏ ਹੇਠ ਪ੍ਰਵਾਸੀਆਂ ਤੋਂ ਨਵੀਆਂ ਦਰਖਾਸਤਾਂ ਲੈਣ ਨੂੰ ਕਿਹਾ

* ਭਾਰਤੀਆਂ ਸਮੇਤ ਲੱਖਾਂ ਪ੍ਰਵਾਸੀਆਂ ਨੂੰ ਰਾਹਤ

ਸੈਕਰਾਮੈਂਟੋ, 6 ਦਸੰਬਰ (ਪੋਸਟ ਬਿਊਰੋ)- ਇੱਕ ਫੈਡਰਲ ਅਦਾਲਤ ਨੇ ਫੈਸਲਾ ਦਿੱਤਾ ਹੈ ਕਿ ਟਰੰਪ ਸਰਕਾਰ 'ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲ' (ਡੀ ਏ ਸੀ ਏ) ਪ੍ਰੋਗਰਾਮ ਹੇਠ ਹਰ ਹਾਲਤ ਨਵੀਆਂ ਦਰਖਾਸਤਾਂ ਪ੍ਰਵਾਨ ਕਰੇ। ਇਸ ਪ੍ਰੋਗਰਾਮ ਨੂੰ ਕਾਰਜਕਾਰੀ ਹੋਮਲੈਂਡ ਦੇ ਸੁਰੱਖਿਆ ਸੈਕਟਰੀ ਨੇ ਮੁਲਤਵੀ ਕਰ ਦਿੱਤਾ ਸੀ। ਅਦਾਲਤ ਦੇ ਇਸ ਫੈਸਲੇ ਨਾਲ ਭਾਰਤੀਆਂ ਸਮੇਤ ਲੱਖਾਂ ਪਰਵਾਸੀ ਬੱਚਿਆਂ, ਨੌਜਵਾਨਾਂ,ਜਿਨ੍ਹਾਂ ਉਤੇ ਦੇਸ਼ ਨਿਕਾਲੇ ਦੀ ਤਲਵਾਰ ਲਟਕੀ ਹੋਈ ਸੀ, ਨੂੰ ਰਾਹਤ ਮਿਲੇਗੀ ਅਤੇ ਉਹ ਅਮਰੀਕਾ ਵਿੱਚ ਵੱਸਣ ਦਾ ਇੱਕ ਹੋਰ ਯਤਨ ਕਰ ਸਕਣਗੇ।

ਯੂ ਐਸ ਡਿਸਟ੍ਰਿਕਟ ਜੱਜ ਨਿਕੋਲਸ ਗਰੌਫਿਸ ਨੇ ਆਪਣੇ ਹੁਕਮ ਵਿੱਚ ਕਿਹਾ ਕਿ ਸਰਕਾਰ ਤਿੰਨ ਦਿਨਾਂ ਦੇ ਅੰਦਰ ਜਨਤਕ ਨੋਟਿਸ ਜਾਰੀ ਕਰੇ ਕਿ ਡੀ ਏ ਸੀ ਏ ਦਰਖਾਸਤਾਂ ਪ੍ਰਵਾਨ ਕੀਤੀਆਂ ਜਾਣਗੀਆਂ।




ਬੀਤੇ ਨਵੰਬਰ 'ਚ ਸੁਣਵਾਈ ਦੇ ਦੌਰਾਨ ਜੱਜ ਨਿਕੋਲਸ ਗਰੌਫਿਸ ਨੇ ਕਿਹਾ ਸੀ ਕਿ ਹੋਮਲੈਂਡ ਸੁਰੱਖਿਆ ਵਿਭਾਗ ਦੇ ਕਾਰਜਕਾਰੀ ਸੈਕਟਰੀ ਚੈਡ ਵੋਲਫ ਨੂੰ ਇਸ ਪ੍ਰੋਗਰਾਮ ਨੂੰ ਮੁਲਤਵੀ ਕਰਨ ਦਾ ਅਧਿਕਾਰਨਹੀਂ ਸੀ। ਉਸ ਦੀ ਇਹ ਕਾਰਵਾਈ ਗੈਰ ਕਾਨੂੰਨੀ ਹੈ। ਇਸ ਪ੍ਰੋਗਰਾਮ ਹੇਠ ਤਕਰੀਬਨ 6,40,000 ਲੋਕ ਪਹਿਲਾਂ ਦਰਖਾਸਤਾਂ ਦੇ ਚੁੱਕੇ ਹਨ, ਜਿਸ ਪ੍ਰੋਗਰਾਮ ਨੂੰ ਟਰੰਪ ਸਰਕਾਰ ਖਤਮ ਕਰਨ ਦੀ ਕੋਸ਼ਿਸ਼ 'ਚ ਹੈ। ਚੋਣਾਂ ਦੌਰਾਨ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਇਡਨ ਨੇ ਪਰਵਾਸੀਆਂ ਨਾਲ ਇਨਸਾਫ ਕਰਨ ਦਾ ਵਾਅਦਾ ਕਰਦਿਆਂ ਕਿਹਾ ਸੀ ਕਿ ਟਰੰਪ ਸਰਕਾਰ ਦੀਆਂ ਇਮੀਗਰੇਸ਼ਨ ਨੀਤੀਆਂ ਦੇ ਨੁਕਸ ਦੂਰ ਕੀਤੇ ਜਾਣਗੇ।

ਇਮੀਗਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਸਥਿਤੀ ਏਨੀ ਗੁੰਝਲਦਾਰ ਬਣਾ ਦਿੱਤੀ ਗਈ ਹੈ ਕਿ ਬਾਇਡਨ ਸਰਕਾਰ ਨੂੰ ਡੀ ਏ ਸੀ ਏ, ਸ਼ਰਨਾਰਥੀ, ਪਰਵਾਰ ਵਿਛੋੜੇ, ਆਈ ਸੀ ਏ ਛਾਪਿਆਂ ਅਤੇ ਨਿੱਜੀ ਕੈਦ ਆਦਿ ਬਾਰੇ ਟਰੰਪ ਸਰਕਾਰ ਦੀਆਂ ਨੀਤੀਆਂ ਨੂੰ ਰੱਦ ਕਰਨ ਜਾਂ ਪਹਿਲਾਂ ਵਾਲੀ ਸਥਿਤੀ ਵਿੱਚ ਲਿਆਉਣ ਲਈ ਕਈ ਸਾਲ ਲੱਗ ਸਕਦੇ ਹਨ।


## ਹਿਊਸਟਨ ਦੇ ਸਿੱਖ ਪੁਲਸ ਅਫਸਰ ਦੇ ਨਾਂਅ ਉਤੇ ਪੋਸਟ ਆਫਿਸ






ਵਾਸ਼ਿੰਗਟਨ, 6 ਦਸੰਬਰ (ਪੋਸਟ ਬਿਊਰੋ)- ਅਮਰੀਕਾ ਦੀ ਪਾਰਲੀਮੈਂਟ ਦੇ ਉੱਪਰਲੇ ਸਦਨ ਸੈਨੇਟ ਨੇ ਡਿਫਰੈਂਡਮ ਨਾਲ ਹਿਊਸਟਨ ਦੇ ਇੱਕ ਪੋਸਟ ਆਫਿਸ ਦਾ ਨਾਂਅ ਇੱਕ ਸਿੱਖ ਪੁਲਸ ਅਧਿਕਾਰੀ ਸੰਦੀਪ ਸਿੰਘ ਧਾਲੀਵਾਲ ਦੇ ਨਾਂਅ 'ਤੇ ਕਰਨ ਲਈ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪਿਛਲੇ ਸਾਲ ਰੁਟੀਨ ਦੀ ਜਾਂਚ ਦੌਰਾਨ ਇੱਕ ਵਾਹਨ ਨੂੰ ਰੋਕਣ 'ਤੇ ਵਾਹਨ ਦੇ ਮਾਲਕ ਨੇ ਉਨ੍ਹਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਕਾਂਗਰਸ ਦੇ ਹੇਠਲੇ ਸਦਨ ਪ੍ਰਤੀਨਿਧ ਹਾਊਸ ਨੇ ਸਤੰਬਰ ਵਿੱਚ ਦੋਵਾਂ ਪਾਰਟੀਆਂ ਦੇ ਸਮਰਥਨ ਕਰਨ ਨਾਲ 315, ਐਡਿਕਸ ਹਾਵੇਲ ਰੋਡ ਦੇ ਪੋਸਟ ਆਫਿਸ ਦਾ ਨਾਂਅ 'ਡਿਪਟੀ ਸੰਦੀਪ ਸਿੰਘ ਧਾਲੀਵਾਲ ਪੋਸਟ ਆਫਿਸ ਬਿਲਡਿੰਗ' ਕਰਨ ਨੂੰ ਮਨਜ਼ੂਰੀ ਦਿੱਤੀ ਸੀ। ਇਸ ਬਿੱਲ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਸਖਤਾਂ ਲਈ ਵ੍ਹਾਈਟ ਹਾਊਸ ਭੇਜਿਆ ਜਾਣਾ ਹੈ। ਇਸ ਦੇ ਅਮਲ ਵਿੱਚ ਆਉਣ ਤੋਂ ਬਾਅਦ ਹਿਊਸਟਨ ਦਾ ਉਕਤ ਦੂਜਾ ਪੋਸਟ ਆਫਿਸ ਕਿਸੇ ਭਾਰਤੀ ਦੇ ਨਾਂਅ ਉੱਤੇ ਹੋਵੇਗਾ। ਇਸ ਤੋਂ ਪਹਿਲਾਂ ਦੱਖਣੀ ਕੈਲੀਫੋਰਨੀਆ ਤੋਂ ਕਾਂਗਰਸ ਦੇ ਮੈਂਬਰ ਰਹੇ ਦਲੀਪ ਸਿੰਘ ਸੌਂਧ ਨੂੰ ਸਾਲ 2006 ਵਿੱਚ ਇਹ ਸਨਮਾਨ ਮਿਲਿਆ ਸੀ। ਧਾਲੀਵਾਲ ਸਾਲ 2015 ਵਿੱਚ ਹੈਰਿਸ ਕਾਊਂਟੀ ਸ਼ੈਰਿਫ ਦਫਤਰ ਵਿੱਚ ਨਿਯੁਕਤ ਹੋਣ ਵਾਲੇ ਪਹਿਲੇ ਸਿੱਖ ਅਮਰੀਕੀ ਸਨ, ਜਿਨ੍ਹਾਂ ਨੂੰ ਪਗੜੀ ਦੇ ਨਾਲ ਕੰਮ ਕਰਨ ਦੇ ਨੀਤੀਗਤ ਫੈਸਲੇ ਤਹਿਤ ਨਿਯੁਕਤੀ ਮਿਲੀ ਸੀ।

## ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਪ੍ਰਬੰਧ ਗੈਰ ਸਿੱਖ ਸੰਸਥਾ ਨੂੰ ਸੌਂਪਣਾ ਯੂ ਐਨ ਮਤੇ ਦੀ ਉਲੰਘਣਾ



ਯੂ ਐੱਨ ਓ, 4 ਦਸੰਬਰ (ਪੋਸਟ ਬਿਊਰੋ)- ਭਾਰਤ ਨੇ ਪਾਕਿਸਤਾਨ ਵੱਲੋਂ ਕਰਤਾਰਪੁਰ ਸਾਹਿਬ ਗੁਰਦੁਆਰੇ ਦਾ ਪ੍ਰਬੰਧ ਪੱਖਪਾਤੀ ਢੰਗ ਨਾਲ ਗੈਰ ਸਿੱਖ ਸੰਸਥਾ ਹਵਾਲੇ ਕਰਨ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਪਾਕਿ ਦਾ ਇਹ ਕਦਮ ਸਿੱਖ ਧਰਮ, ਉਸ ਦੀ ਸਾਂਭ-ਸੰਭਾਲ ਅਤੇ ਸੁਰੱਖਿਆ ਖਿਲਾਫ ਹੋਣ ਦੇ ਨਾਲ ਯੂ ਐੱਨ ਜਰਨਲ ਅਸੈਂਬਲੀ ਦੇ ਮਤੇ ਦੀ ਉਲੰਘਣਾ ਹੈ। ਨਵੰਬਰ ਵਿੱਚ ਪਾਕਿਸਤਾਨ ਨੇ ਇਸ ਗੁਰਦੁਆਰੇ ਦਾ ਪ੍ਰਬੰਧ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਲੈ ਕੇ 'ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ' ਦੇ ਪ੍ਰਸ਼ਾਸਕੀ ਕੰਟਰੋਲ ਹਵਾਲੇ ਕਰ ਦਿੱਤਾ ਹੈ, ਜੋ ਗੈਰ ਸਿੱਖ ਸੰਸਥਾ ਹੈ।


ਯੂ ਐੱਨ ਵਿੱਚ ਭਾਰਤੀ ਸਥਾਈ ਮਿਸ਼ਨ ਦੇ ਫਸਟ ਸੈਕਟਰੀ ਆਸ਼ੀਸ਼ ਸ਼ਰਮਾ ਨੇ ਓਥੇ ਕੱਲ੍ਹ ਕਿਹਾ, "ਪਾਕਿਸਤਾਨ ਪਹਿਲਾਂ ਹੀ ਪਿਛਲੇ ਸਾਲ ਇਸ ਸਭਾ ਵੱਲੋਂ ਪਾਸ 'ਕਲਚਰ ਆਫ ਪੀਸ' ਦੇ ਮਤਿਆਂ ਦੀ ਉਲੰਘਣਾ ਕਰ ਚੁੱਕਾ ਹੈ। ਪਿਛਲੇ ਮਹੀਨੇ ਪਾਕਿਸਤਾਨ ਨੇ ਪੱਖਪਾਤੀ ਤਰੀਕੇ ਨਾਲ ਸਿੱਖਾਂ ਦੇ ਪਵਿੱਤਰ ਧਾਰਮਿਕ ਅਸਥਾਨ ਕਰਤਾਰਪੁਰ ਸਾਹਿਬ ਗੁਰਦੁਆਰੇ ਦਾ ਪ੍ਰਬੰਧ ਸਿੱਖਾਂ ਤੋਂ ਲੈ ਕੇ ਗੈਰ ਸਿੱਖ ਸੰਸਥਾ ਦੇ ਕੰਟਰੋਲ ਵਾਲੇ ਪ੍ਰਸ਼ਾਸਨ ਨੂੰ ਦੇ ਦਿੱਤਾ ਹੈ।'' ਉਨ੍ਹਾਂ ਕਿਹਾ ਕਿ ਇਹ ਕਾਰਾ ਸਿੱਖ ਧਰਮ, ਇਸ ਦੀ ਸਾਂਭ-ਸੰਭਾਲ ਤੇ ਸੁਰੱਖਿਆ ਦੇ ਖਿਲਾਫ ਹੈ। ਉਨ੍ਹਾਂ ਕਿਹਾ ਕਿ ਜਨਰਲ ਅਸੈਂਬਲੀ 'ਚ ਕਰਤਾਰਪੁਰ ਸਾਹਿਬ ਗੁਰਦੁਆਰੇ ਦਾ ਜ਼ਿਕਰ ਦਸੰਬਰ 2019 ਨੂੰ ਹੋਇਆ ਸੀ ਅਤੇ ਪਾਕਿਸਤਾਨ ਨੇ ਇਸ ਮਤੇ ਦੀ ਉਲੰਘਣਾ ਕੀਤੀ ਹੈ। ਯੂ ਐਨ ਜੀ ਏ ਨੇ ਸ਼ਾਂਤੀ ਲਈ ਅੰਤਰ ਧਾਰਮਿਕ ਅਤੇ ਅੰਤਰ ਸਭਿਆਚਾਰ ਦੇ ਪ੍ਰਚਾਰ, ਸਮਝ ਅਤੇ ਸਹਿਯੋਗ ਦੇ ਮਤੇ ਨੂੰ ਪਿਛਲੇ ਸਾਲ ਦਸੰਬਰ ਵਿੱਚ ਪਾਸ ਕੀਤਾ ਸੀ। ਇਸ ਵਿੱਚ ਕਰਤਾਰਪੁਰ ਸਾਹਿਬ ਲਾਂਘੇ ਨੂੰ ਖੋਲ੍ਹੇ ਜਾਣ ਦਾ ਸਵਾਗਤ ਕੀਤਾ ਗਿਆ ਸੀ। ਭਾਰਤ ਨੇ ਨਵੰਬਰ ਵਿੱਚ ਪਾਕਿਸਤਾਨ ਦੇ ਫੈਸਲੇ ਦੀ ਨਿੰਦਾ ਕਰਦਿਆਂ ਕਿਹਾ ਸੀ ਕਿ ਇਹ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਦੇ ਖਿਲਾਫ ਹੈ।

# ਕਿਸਾਨਾਂ ਦੇ ਹੱਕ ਵਿਚ ਰੈਲੀ...




ਬੀਤੇ ਦਿਨੀਂ ਬ੍ਰਿਟੇਨ ਦੀ ਰਾਜਧਾਨੀ ਲੰਡਨ ਵਿਚ ਕਿਸਾਨਾਂ ਦੇ ਹੱਕ ਵਿਚ ਰੈਲੀ ਕੱਢੀ ਗਈ, ਜਿਸ ਵਿਚ ਹਜਾਰਾਂ ਦੀ ਗਿਣਤੀ ਵਿਚ ਬ੍ਰਿਟੇਨ ਵਿਚ ਵਸਦੇ ਭਾਰਤੀ ਲੋਕਾਂ ਨੇ ਹਿੱਸਾ ਲਿਆ। ਇਹ ਰੈਲੀ ਇੰਗਲੈਂਡ ਦੇ ਮਸ਼ਹੂਰ ਅੰਰਰਾਸ਼ਟਰੀ ਨਿਊਜ਼ ਚੈਨਲ ਬੀਬੀਸੀ ਉਤੇ ਮੇਨ ਖਬਰਾਂ ਵਿਚ ਦਿਖਾਈ ਗਈ।

## ਚੀਨ ਨੇ ਰੋਸ਼ਨੀ ਵਾਲਾ ਕਵਾਂਟਮ ਕੰਪਿਊਟਰ ਬਣਾ ਲਿਆ



ਬੀਜਿੰਗ, 6 ਦਸੰਬਰ (ਪੋਸਟ ਬਿਊਰੋ)- ਚੀਨੀ ਵਿਗਿਆਨੀਆਂ ਨੇ ਸੰਸਾਰ ਦਾ ਪਹਿਲਾ ਰੋਸ਼ਨੀ ਵਾਲਾ ਕਵਾਂਟਮ ਕੰਪਿਊਟਰ ਬਣਾਉਣ ਦਾ ਦਾਅਵਾ ਕੀਤਾ ਹੈ। ਇਹ ਦੁਨੀਆ ਦੇ ਸਭ ਤੋਂ ਉਨਤ ਸੁਪਰ ਕੰਪਿਊਟਰ ਦੀ ਤੁਲਨਾ ਵਿੱਚ 100 ਖਰਬ ਗੁਣਾ ਤੇਜ਼ੀ ਨਾਲ ਕੁਝ ਗਿਣਤੀ ਕਰਨ ਦੇ ਸਮਰੱਥ ਹੈ।

ਸਰਕਾਰੀ ਅਖਬਾਰ ਚਾਈਨਾ ਡੇਲੀ ਨੇ ਜਨਰਲ ਸਾਇੰਸ ਵਿੱਚ ਛਪੇ ਅਧਿਅਨ ਦੇ ਹਵਾਲੇ ਨਾਲ ਇਹ ਦੱਸਿਆ ਕਿ ਕਵਾਂਟਮ ਕੰਪਿਊਟਰ (ਜਿਓਝਾਂਗ) ਨਾ ਕੇਵਲ ਕੰਪਿਊਟਿੰਗ ਦੇ ਖੇਤਰ ਵਿੱਚ ਮੀਲ ਦਾ ਪੱਥਰ ਹੈ ਸਗੋਂ ਕਵਾਂਟਮ ਗਿਣਤੀ ਦੇ ਲਾਭ ਨੂੰ ਵੀ ਪੇਸ਼ ਕਰਦਾ ਹੈ।ਮੈਟੀਰੀਅਲ ਸਾਇੰਸ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਡਾਕਟਰੀ ਖੇਤਰ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਕਵਾਂਟਮ ਕੰਪਿਊਟਰ ਅਜਿਹੇ ਸਿਮੂਲੇਸ਼ਨ 'ਤੇ ਤੇਜ਼ੀ ਨਾਲ ਚੱਲਦੇ ਹਨ, ਜੋ ਸਧਾਰਨ ਕੰਪਿਊਟਰਾਂ ਲਈ ਅਸੰਭਵ ਹੈ। ਇਸ ਨਵੇਂ ਕਵਾਂਟਮ ਕੰਪਿਊਟਰ ਦਾ ਨਾਂਅ ਪ੍ਰਾਚੀਨ ਚੀਨੀ ਮੈਥ ਅਧਿਅਨ ਨਾਲ ਰੱਖਿਆ ਗਿਆ ਹੈ। ਇਹ ਕੰਪਿਊਟਰ 200 ਸਕਿੰਟਾਂ ਵਿੱਚ ਗਾਸੀਅਨ ਬੋਸੋਨ ਸੈਂਪਲਿੰਗ ਨਾਮਕ ਇੱਕ ਅਤਿਅੰਤ ਪੇਚੀਦਾ ਗਿਣਤੀ ਨੂੰ ਹੱਲ ਕਰ ਸਕਦਾ ਹੈ, ਜਦ ਕਿ ਇਹੀ ਗਿਣਤੀ ਕਰਨ ਵਿੱਚ ਦੁਨੀਆ ਦੇ ਸਭ ਤੋਂ ਉਨਤ ਸੁਪਰ ਕੰਪਿਊਟਰ 'ਫੁਗਾਕੂ' ਨੂੰ 60 ਕਰੋੜ ਸਾਲ ਸਮਾਂ ਲੱਗ ਸਕਦਾ ਹੈ। ਚੀਨ ਨੇ ਕਵਾਂਟਮ ਤਕਨੀਕ ਦੀ ਮੁਹਾਰਤ ਲਈ ਭਾਰੀ ਨਿਵੇਸ਼ ਕੀਤਾ ਹੈ। ਚੀਨੀ ਵਿਗਿਆਨ ਅਕੈਡਮੀ (ਸੀ ਏ ਐਸ) ਨੇ ਕਿਹਾ ਕਿ 2017 ਵਿੱਚ ਚੀਨ ਨੇ ਕਵਾਂਟਮ ਕਮਿਊਨੀਕੇਸ਼ਨ ਸੈਟੇਲਾਈਟ ਨੂੰ ਹੈਕ ਪਰੂਫ ਤੇ ਅਲਟਰਾ ਹਾਈ ਸਕਿਓਰਿਟੀ ਫੀਚਰਸ ਨਾਲ ਲਾਂਚ ਕੀਤਾ ਸੀ।

# ਰਾਸ਼ਟਰਪਤੀ ਚੋਣਾਂ ਦੇ ਨਤੀਜੇ ਪਲਟਣ ਵਾਲੇ ਟਰੰਪ ਦੇ ਇਰਾਦਿਆਂ ਨੂੰ ਝਟਕਾ

* ਚਾਰ ਹੋਰ ਰਾਜਾਂ ਵੱਲੋਂ ਟਰੰਪ ਦੀਆਂ ਅਰਜ਼ੀਆਂ ਰੱਦ

ਵਾਸ਼ਿੰਗਟਨ, 6 ਦਸੰਬਰ (ਪੋਸਟ ਬਿਊਰੋ)- ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਓਦੋਂ ਵੱਡਾ ਝਟਕਾ ਲੱਗਾ, ਜਦ ਅਮਰੀਕਾ ਦੀਆਂ ਵੱਖ-ਵੱਖ ਅਦਾਲਤਾਂ ਨੇ ਟਰੰਪ ਚੋਣ ਮੁਹਿੰਮ ਅਤੇ ਉਨ੍ਹਾਂ ਦੇ ਸਮਰਥਕਾਂ ਦੇ ਚਾਰ ਸੂਬਿਆਂ ਜਾਰਜੀਆ, ਮਿਸ਼ੀਗਨ, ਨੇਵਾਦਾ ਅਤੇ ਵਿਸਾਨਸਿਨ ਵਿੱਚ ਰਾਸ਼ਟਰਪਤੀ ਚੋਣਾਂ ਦੇ ਨਤੀਜੇ ਪਲਟਣ ਦੇ ਯਤਨਾਂ 'ਤੇ ਰੋਕ ਲਾ ਦਿੱਤੀ। ਜ਼ਿਲ੍ਹਾ ਜੱਜ ਜੇਮਸ ਰਸੇਲ ਨੇ ਨੇਵਾਦਾ ਕੋਰਟ ਵਿੱਚ ਸੁਣਵਾਈ ਦੌਰਾਨ ਕਿਹਾ, ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਚੁਣੌਤੀ ਦੇਣ ਦਾ ਪੂਰਾ ਮਾਮਲਾ ਪੂਰੀ ਤਰ੍ਹਾਂ ਰੱਦ ਕੀਤਾ ਜਾਂਦਾ ਹੈ।

ਇਸ ਬਾਰੇ ਜੱਜ ਜੇਮਸ ਰਸੇਲ ਨੇ ਕਿਹਾ ਕਿ ਟਰੰਪ ਚੋਣਾਂ ਦੇ ਨਤੀਜਿਆਂ ਦੇ ਖਿਲਾਫ ਲੜਨ ਲਈ ਭਰੋਸੇਯੋਗ ਅਤੇ ਠੋਸ ਸਬੂਤ ਪੇਸ਼ ਕਰਨ ਵਿੱਚ ਅਸਫਲ ਰਹੇ ਹਨ। ਮਿਸ਼ੀਗਨ ਕੋਰਟ ਨੇ ਵੀ ਟਰੰਪ ਦੀ ਅਪੀਲ ਰੱਦ ਕਰ ਦਿੱਤੀ ਹੈ। ਕੋਰਟ ਨੇ ਕਿਹਾ ਕਿ ਜੇ ਟਰੰਪ ਚੋਣਾਂ ਵਿੱਚ ਹੋਈ ਧਾਂਦਲੀ ਬਾਰੇ ਚਿੰਤਤ ਹਨ ਤਾਂ ਉਨ੍ਹਾਂ ਨੂੰ ਸੂਬੇ ਦੇ ਕਾਨੂੰਨ ਅਨੁਸਾਰ ਕੰਮ ਕਰਨਾ ਚਾਹੀਦਾ ਸੀ, ਜੋ ਉਨ੍ਹਾਂ ਨੇ ਨਹੀਂ ਕੀਤਾ।ਇਸ ਦੇ ਇਲਾਵਾ ਜਾਰਜੀਆ ਵਿੱਚ 11ਵੀਂ ਸਰਕਟ ਕੋਰਟ ਆਫ ਅਪੀਲਸ ਨੇ ਵੀ ਟਰੰਪ ਮੁਹਿੰਮ ਦੀ ਅਪੀਲ ਨੂੰ ਰੱਦ ਕਰ ਦਿੱਤਾ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੀ ਕਾਨੂੰਨੀ ਟੀਮ ਨੇ ਦਾਅਵਾ ਕੀਤਾ ਸੀ ਕਿ ਡੋਮੀਨੀਅਨ ਵੋਟਿ ਮਸ਼ੀਨਾਂ ਨੂੰ ਡੈਮੋਕ੍ਰੇਟਿਕ ਉਮੀਦਵਾਰ ਜੋਅ ਬਾਈਡੇਨ ਦੇ ਹੱਕ ਵਿੱਚ ਚੋਣਾਂ ਵਿੱਚ ਧਾਂਦਲੀ ਕਰਨ ਲਈ ਪ੍ਰੋਗਰਾਮ ਕੀਤਾ ਗਿਆ ਸੀ। ਇਸ ਦੇ ਇਲਾਵਾ ਵਿਸਕਾਨਸਿਨ ਵਿੱਚ ਸੁਪਰੀਮ ਕੋਰਟ ਨੇ ਵੀ ਰਿਪਬਲਿਕ ਪਾਰਟੀ ਦੇ ਵਿਸਕਾਨਸਿਨ ਵਿੱਚ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਪਲਟਣ ਦੀ ਅਪੀਲ ਨੂੰ ਠੁਕਰਾ ਦਿੱਤਾ ਹੈ। ਟਰੰਪ ਨੇ ਕਈ ਸੂਬਿਆਂ ਦੇ ਚੋਣ ਨਤੀਜਿਆਂ ਨੂੰ ਲੈ ਕੇ ਕਾਨੂੰਨੀ ਕਾਰਵਾਈ ਕਰਨ ਦੀ ਯੋਜਨਾ ਬਣਾਈ ਸੀ, ਜੋ ਹੁਣ ਕਿਸੇ ਕੰਮ ਆਉਂਦੀ ਨਹੀਂ ਦਿਸ ਰਹੀ ਹੈ।

ਇਸ ਦੌਰਾਨ ਅਮਰੀਕਾ ਦੇ ਅਗਲੇ ਰਾਸ਼ਟਰਪਤੀ ਚੁਣੇ ਗਏ ਜੋਅ ਬਾਇਡਨ ਨੇ ਕਿਹਾ ਕਿ ਅਗਲੀ ਵੀਹ ਜਨਵਰੀ ਨੂੰ ਰਾਸ਼ਟਰਪਤੀ ਅਹੁਦੇ ਦੇ ਸਹੁੰ ਚੁੱਕ ਸਮਾਰੋਹ ਤੇ ਉਸ ਨਾਲ ਜੁੜੇ ਉਤਸਵ ਬਹੁਤ ਹੱਦ ਤੱਕ ਆਨਲਾਈਨ ਸੰਮੇਲਨ ਦੀ ਤਰ੍ਹਾਂ ਹੋਣਗੇ। ਉਨ੍ਹਾਂ ਕਿਹਾ ਕਿ ਇਸ ਵਾਰ ਸਹੁੰ ਚੁੱਕ ਸਮਾਰੋਹ ਛੋਟਾ ਹੋਵੇਗਾ। ਆਮ ਦਿਨਾਂ ਵਿੱਚ ਇਹ ਸਮਾਰੋਹ ਦੇਖਣ ਦੇ ਲਈ ਲੱਖਾਂ ਲੋਕ ਕੈਪੀਟਲ ਹਿਲ 'ਤੇ ਇਕੱਠੇ ਹੁੰਦੇ ਹਨ। ਬਾਇਡਨ ਨੇ ਕਿਹਾ, 'ਅਸੀਂ ਸਹੁੰ ਚੁੱਕ ਸਮਾਰੋਹ ਦੀ ਯੋਜਨਾ 'ਤੇ ਪ੍ਰਤੀਨਿਧੀ ਸਭਾ ਅਤੇ ਸੀਨੇਟ ਲੀਡਰਸ਼ਿਪ ਨਾਲ ਚਰਚਾ ਕਰ ਰਹੇ ਹਾਂ, ਖਾਸ ਤੌਰ 'ਤੇ ਉਹ ਦੋ ਲੱਖ ਲੋਕਾਂ ਦੀ ਭੀੜ ਕਿਵੇਂ ਸੰਭਾਲਣਗੇ, ਪਰ ਮੇਰਾ ਮੰਨਣਾ ਹੈ ਕਿ ਇਹ ਸਮਾਰੋਹ ਪਹਿਲਾਂ ਦੀ ਬਜਾਏ ਆਨਲਾਈਨ ਸੰਮੇਲਨ ਦੇ ਕਰੀਬ ਹੋਵੇਗਾ।'

# ਬ੍ਰਿਟੇਨ ਸਰਕਾਰ ਵੱਲੋਂ ਕੋਰੋਨਾ ਦੇ ਟੀਕੇ ਲਈ ਹਰੀ ਝੰਡੀ

ਗਲਾਸਗੋ, 4 ਦਸੰਬਰ (ਪੋਸਟ ਬਿਊਰੋ)- ਬ੍ਰਿਟੇਨ ਸਰਕਾਰ ਨੇ ਕੋਰੋਨਾ ਵਾਇਰਸ ਦੇ ਇਲਾਜ ਲਈ ਟੀਕੇ ਨੂੰ ਹਰੀ ਝੰਡੀ ਦੇ ਦਿੱਤੀ ਹੈ, ਜਿਸ ਨਾਲ ਟੀਕਾਕਰਨ ਅਗਲੇ ਕੁਝ ਦਿਨਾਂ ਤੱਕ ਸ਼ੁਰੂ ਹੋ ਜਾਵੇਗਾ। ਕਈ ਵਾਰ ਟੀਕੇ ਦੇ ਸਰੀਰ ਵਿੱਚ ਉਲਟ ਅਸਰ ਵੀ ਹੋ ਸਕਦੇ ਹਨ, ਜੋ ਕਿ ਨੁਕਸਾਨ ਦੇਹ ਸਿੱਧ ਹੋ ਸਕਦੇ ਹਨ। ਕੋਰੋਨਾ ਦੇ ਸਬੰਧ 'ਚ ਫਾਈਜ਼ਰ-ਬਾਇਓਐਨਟੈਕ ਦੇ ਇਸ ਟੀਕੇ ਦੇ ਨਤੀਜੇ ਵਜੋਂ ਕੋਈ ਵਿਅਕਤੀ ਕਿਸੇ ਸਾਈਡ ਇਫੈਕਟ ਕਾਰਨ ਗੰਭੀਰ ਅਪਾਹਿਜ ਹੁੰਦਾ ਹੈ ਤਾਂ ਉਹ 120,000 ਪੌਂਡ ਟੈਕਸ ਮੁਕਤ ਅਦਾਇਗੀ ਦਾ ਹੱਕਦਾਰ ਹੋਵੇਗਾ।ਇਸ ਲਈ ਫਾਈਜ਼ਰ-ਬਾਇਓਐਨਟੈਕ ਟੀਕੇ ਨੂੰ ਅਗਲੇ ਹਫਤੇ ਤੋਂ ਪਹਿਲਾਂ ਯੂ ਕੇ ਸਰਕਾਰ ਵੱਲੋਂ ਟੀਕੇ ਦੇ ਨੁਕਸਾਨ ਦੀ ਅਦਾਇਗੀ ਐਕਟ ਵਿੱਚ ਸ਼ਾਮਲ ਕਰ ਦਿੱਤਾ ਜਾਵੇਗਾ, ਜੋ ਨੈਸ਼ਨਲ ਹੈਲਥ ਸਰਵਿਸ (ਐਨ ਐਚ ਐਸ) ਟੀਕਾਕਰਨ ਵਾਲੇ ਪ੍ਰੋਗਰਾਮਾਂ ਵਿੱਚ ਵਰਤੇ ਜਾਣ ਵਾਲੇ ਕਿਸੇ ਵੀ ਟੀਕੇ ਲਈ ਨਿਯਮਿਤ ਰੂਪ ਵਿੱਚ ਕੀਤਾ ਜਾਂਦਾ ਹੈ। ਯੂ ਕੇ ਵਿੱਚ ਟੀਕਿਆਂ ਦੇ ਉਲਟ ਨਤੀਜਿਆਂ ਕਾਰਨ ਨੁਕਸਾਨ ਸਬੰਧੀ 1978 ਤੋਂ ਅਪ੍ਰੈਲ 2017 ਦੇ ਵਿਚਕਾਰ 936 ਸਫਲ ਦਾਅਵੇ ਹੋਏ ਹਨ ਅਤੇ 74 ਮਿਲੀਅਨ ਪੌਂਡ ਦਾ ਭੁਗਤਾਨ ਕੀਤਾ ਗਿਆ ਹੈ।ਕੰਪਨੀ ਦੀ ਇਸ ਪਹਿਲ ਨਾਲ ਕੋਵਿਡ-19 ਟੀਕਿਆਂ ਨਾਲ ਸਬੰਧਤ ਭਵਿੱਖ ਦੇ ਦਾਅਵਿਆਂ ਤੋਂ ਸੁਰੱਖਿਆ ਮਿਲੇਗੀ, ਜਿਸ ਹੇਠ ਮਰੀਜ਼ ਕਿਸੇ ਨੁਕਸਾਨ ਦੇ ਹਰਜਾਨੇ ਲਈ ਮੁਕ-ੱਦਮਾ ਨਹੀਂ ਕਰ ਸਕਣਗੇ। ਸਕਾਟਲੈਂਡ ਵਿੱਚ 30,000 ਤੋਂ ਵੱਧ ਲੋਕਾਂ ਨੂੰ ਪਹਿਲੇ ਗੇੜ ਵਿੱਚ ਟੀਕਾਕਰਨ ਦੀ ਸੰਭਾਵਨਾ ਹੈ ਜੋ ਦੇਖਭਾਲ ਘਰਾਂ ਐਨ ਐਚ ਐਸ ਫਰੰਟਲਾਈਨ ਕਾਮੇ, ਸਮਾਜਿਕ ਦੇਖਭਾਲ ਕਰਮਚਾਰੀਆਂ ਅਤੇ 80 ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਪਹਿਲ ਦੇ ਆਧਾਰ 'ਤੇ ਲਗਾਏ ਜਾਣਗੇ।



